੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੮ ਜਿਲਦ ੩੦ ੧੪-੨੦ ਮਈ ੨੦੨੦, ੧-੭ ਜੇਠ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 18 Volume 30, 14-20 May 2020
Yearly Subscription India 250/-, Abroad 2500/- and Life Membership India 2500/-, Abroad 25000/-

## ਪ੍ਰਾਰਥਨਾ

❖ ਡਾ. ਬਲਬੀਰ ਸਿੰਘ

ਸਿਖ ਧਰਮ ਵਿਚ ਅਰਦਾਸ ਦੀ ਇਕ ਖ਼ਾਸ ਅਹਿਮੀਅਤ ਹੈ। ਸਾਰੀਆਂ ਰੀਤਾਂ ਰਸਮਾਂ ਦੀ ਥਾਵੇਂ ਸਿਖ ਦੀ ਇਕ ਅਰਦਾਸ ਕਾਫੀ ਹੈ। ਸਾਰੇ ਪਰਮਾਰਥਕ ਸਾਧਨਾਂ ਦੀ ਜਗ੍ਹਾ ਇਕ ਲਗਾਤਾਰ ਅਰਦਾਸ ਹੀ ਲੋੜੀਂਦੀ ਵਸਤੂ ਹੈ। ਅਰਦਾਸ ਦੀ ਜ਼ਰੂਰਤ ਹਰ ਸੰਸਾਰਕ ਮੌਕੇ ਉਪਰ ਹੈ। ਜਨਮ ਵੇਲੇ, ਮਰਨ ਵੇਲੇ, ਵਿਆਹ ਵੇਲੇ, ਜੰਗ ਵੇਲੇ। ਕੋਈ ਅਵਸਰ ਨਹੀਂ ਜੋ ਸਿਖ ਲਈ ਬਿਨ ਅਰਦਾਸ ਹੋਵੇ।

ਸੰਨ 1893 ਵਿਚ ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਬੱਝਦਾ ਹੈ। ਇਹ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪ੍ਰਯਤਨ ਦਾ ਸਿੱਟਾ ਹੈ। ਇਸ ਦਾ ਪਹਿਲਾ ਟ੍ਰੈਕਟ ਜੋ ਛਪਿਆ ਉਸ ਦਾ ਨਾਮ 'ਪ੍ਰਾਰਥਨਾ' ਹੈ। ਇਸ ਵਿਚ ਸਿਰਫ ਅਰਦਾਸ ਦੀ ਜ਼ਰੂਰਤ ਹੀ ਨਹੀਂ ਦਰਸਾਈ, ਪ੍ਰੰਤੂ ਸੰਕੇਤਕ ਤੌਰ ਤੇ ਇਹ ਦੱਸਿਆ ਹੈ ਕਿ ਕਿਸੇ ਵੀ ਕੰਮ ਦਾ ਆਰੰਭ ਅਰਦਾਸ ਤੋਂ ਹੋਣਾ ਚਾਹੀਦਾ ਹੈ। ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਏਸ ਅਰਦਾਸ ਤੋਂ ਹੀ ਹੁੰਦਾ ਹੈ।

ਪੜ੍ਹੇ-ਲਿਖੇ ਨੌਜਵਾਨ ਪੁੱਛਦੇ ਹਨ: ਕੀ ਅਰਦਾਸ ਸੁਣੀ ਜਾਂਦੀ ਹੈ? ਕੀ ਅਰਦਾਸ ਦਾ ਉੱਤਰ ਮਿਲਦਾ ਹੈ? ਸ਼ਾਇਦ ਮਿਲਦਾ ਹੋਵੇ, ਪਰ ਉੱਤਰ ਦੀ ਜ਼ਰੂਰਤ ਨਹੀਂ। ਅਰਦਾਸ ਫਰਜ਼ ਹੈ, ਉੱਤਰ ਗ਼ੈਰ ਜ਼ਰੂਰੀ ਹੈ।

ਔਸਕਰ ਵਾਇਲਡ ਨੇ ਅਰਦਾਸ ਦੇ ਉੱਤਰ ਬਾਰੇ ਲਿਖਿਆ ਸੀ:-

"ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ: ਜੇ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਨਹੀਂ ਰਹਿੰਦੀ ਉਹ ਖਤੋ-ਕਿਤਾਬਤ ਦਾ ਸਿਲਸਿਲਾ ਬਣ ਜਾਂਦਾ ਹੈ।"

ਏਸ ਲਿਹਾਜ਼ ਵਿਚ ਸਿਖ ਦੀ ਅਰਦਾਸ ਬਿਲਕੁਲ ਨਿਰਾਲੀ ਚੀਜ਼ ਹੈ! ਇਹ ਅਰਦਾਸ ਨਿਜੀ ਯਾਚਨਾ ਦੀ ਮੰਗ ਕਰਦਿਆਂ ਹੋਇਆਂ ਵੀ ਨਿਜ ਦੇ ਪ੍ਰਾਈਵੇਟ ਲੈਵਲ ਤੋਂ ਉਪਰ ਹੋ ਜਾਂਦੀ ਹੈ, ਕਿਉਂਕਿ ਇਹ ਖ਼ਤਮ ਸਰਬੱਤ ਦੇ ਭਲੇ ਦੀ ਮੰਗ ਵਿਚ ਹੁੰਦੀ ਹੈ। ਸਿਖ ਦੀ ਅਰਦਾਸ ਤਦੇ ਹੀ ਸਫਲ ਹੈ ਜੇ ਉਹ ਆਪਣੀ ਨਿੱਕੀ ਜਿਹੀ ਹਸਤੀ ਦੀਆਂ ਛੋਟੀਆਂ ਜ਼ਰੂਰਤਾਂ ਤੋਂ ਉਠਕੇ ਸਰਬੱਤ ਦੇ ਵੱਡੇ ਭਲੇ ਵਿਚ ਲੀਨ ਹੋ ਜਾਵੇ। ਇਹ ਸਰਬੱਤ ਦੀ ਲੀਨਤਾ ਆਪਣੇ ਆਪ ਵਿਚ ਫਲ ਸਰੂਪ ਹੈ। ਸਿਖ ਲਈ ਅਰਦਾਸ ਹੀ ਚੜ੍ਹਦੀ ਕਲਾ ਦਾ ਸਾਧਨ ਹੈ। ਛੋਟੇ ਤੋਂ ਵੱਡੇ ਹੋਣ ਦਾ ਇਹ ਸਹਿ ਸੁਭਾ ਦਾ ਯਤਨ ਹੈ। ਅਰਦਾਸ ਦਵਾਰਾ ਵੱਡੇ ਹੁੰਦਿਆਂ ਹੀ, ਜਾਂ ਐਉਂ ਕਹੋ ਕਿ ਸਰਬੱਤ ਦੇ ਭਾਵ ਵਿਚ ਲੀਨ ਹੁੰਦਿਆਂ ਹੀ ਸਾਡੇ ਉਹ ਸਾਰੇ ਨੁਕਸ ਦੂਰ ਹੋ ਜਾਂਦੇ ਹਨ ਜੋ ਛੋਟੇ ਹੋਣ ਕਰਕੇ ਹਨ। ਸਾਡਾ ਨਿਕਾਰਾਪਨ, ਸਾਡਾ ਕਮੀਨਾਪਨ, ਸਾਡਾ ਛੁਟਦਿਲਾਪਨ, ਸਾਡਾ ਵੱਖਰਾਪਨ, ਇਨ੍ਹਾਂ ਸਭਨਾਂ ਤੋਂ ਐਸ ਤਰ੍ਹਾਂ ਖਹਿੜਾ ਛੁਟ ਜਾਂਦਾ ਹੈ ਤੇ ਮਨੁੱਖ ਐਉਂ ਇਨ੍ਹਾਂ ਤੋਂ ਉਪਰ ਹੋ ਜਾਂਦਾ ਹੈ ਜਿਸ ਤਰ੍ਹਾਂ ਉਸ ਦੇ ਵੱਡੇ ਹੁੰਦਿਆਂ ਹੀ ਪੁਰਾਣੇ ਕਪੜੇ ਛੋਟੇ ਹੋ ਗਏ ਸਨ। ਏਸੇ ਦਾ ਨਾਮ ਚੜ੍ਹਦੀ ਕਲਾ ਹੈ ਜੋ ਸਰਬੱਤ ਦੇ ਭਲੇ ਦੀ ਭਾਵਲੀਨਤਾ ਤੋਂ ਤਤਖਿਣ ਪ੍ਰਾਪਤ ਹੁੰਦੀ ਹੈ। ਮਾਯਾ ਦੇ ਪਾਪ ਲੀੜੇ ਦਾ ਛੋਟਾ ਰਹਿ ਜਾਣਾ ਤੇ ਮਨੁੱਖ ਦਾ ਇਕ ਸਰਬੱਤੀ ਪੁਰਖ ਹੋ ਕੇ ਨਿਸ਼ਪਾਪ ਉੱਚਾ ਉਠ ਜਾਣਾ, ਏਸ ਦਾ ਨਾਮ ਚੜ੍ਹਦੀ ਕਲਾ ਹੈ। ਏਸ ਅਵਸਥਾ ਦੀ ਪੂਰਣਤਾ ਹੀ ਸਿਖ ਅਰਦਾਸ ਦੀ ਕਰਾਮਾਤ ਹੈ।

ਸਾਡੀ ਸੁਗਜਾਤ ਲਈ ਸ੍ਰੀਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਅਰਦਾਸ ਦੀ ਜ਼ਰੂਰਤ ਲਈ ਕਿਸ ਪ੍ਰਕਾਰ ਦਾ ਅਲੰਕਾਰ ਪਹਿਲੇ ਟ੍ਰੈਕਟ ਵਿਚ ਬੱਧਾ ਹੈ, ਜੋ ਸੰਨ 1893 ਦੇ ਕਰੀਬ ਉਹਨਾਂ ਲਿਖਿਆ, ਆਪ ਦੀ ਭੇਟ ਕਰਦੇ ਹਾਂ। ਜੋ ਲੋਕ ਆਪ ਨੂੰ ਇਹ ਸ਼ੰਕਾ ਪਾ ਦੇਂਦੇ ਹਨ ਕਿ ਪ੍ਰਾਰਥਨਾ ਕਰਨੀ ਵਿਅਰਥ ਹੈ, ਇਸ ਦੇ ਪੜ੍ਹਨ ਤੋਂ ਇਸ ਦਾ ਉੱਤਰ ਆਪ ਨੂੰ ਇਕ ਅਤਿ ਸਿਖਯਾਦਾਇਕ ਪ੍ਰਸੰਗ ਦੁਆਰਾ ਸਾਖਯਾਤ ਹੋ ਜਾਵੇਗਾ।

### 'ਪ੍ਰਾਰਥਨਾ' ਵਿਸ਼ੇ ਪੁਰ ਇਕ ਮਨੋਹਰ ਵਾਰਤਾ'

**ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥**(੭੧੩)

ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਤੇ ਉਦਾਰਤਾ ਕੌਣ ਨਹੀਂ ਜਾਣਦਾ। ਪੰਜਾਬ ਵਰਗੇ ਫ਼ਸਾਦਾਂ ਨਾਲ ਭਰਪੂਰ ਦੇਸ਼ ਨੂੰ ਜਿੱਤਣਾ, ਜਿਥੇ ਚੱਪੇ ਚੱਪੇ ਤੇ ਅੱਡ ਰਾਜ ਸੀ ਤੇ ਹਰੇਕ ਆਪਣੇ ਆਪ ਨੂੰ ਤੀਸ ਮਾਰ ਖਾਂ ਸਮਝਦਾ ਸੀ, ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਇਸ

ਅੰਦਰ


- ਛੋਟਾ ਘੱਲੂਘਾਰਾ 3
- ਸੰਤ ਬਿਸਲਾ ਸਿੰਘ: ਪੀੜਾ-ਹਰਨ ਦਾਤਾ 5
- The Teachings of Sri Guru Tegh Bahadur 7
- ਕੋਵਿਡ-19 ਦਾ ਕਹਿਰ 9
- ਸੌ ਸਾਲ ਪਹਿਲਾਂ: ਖਾਲਸਾ ਜੀ ਤਿਆਰ ਬਰ ਤਿਆਰ 10
- ਸ਼ਬਦ ਵਿਆਖਿਆ 11 • ਖ਼ਬਰ-ਸਾਰ 12

ਕਰਕੇ ਮਹਾਰਾਜਾ ਨੂੰ ਵਡੀਆਂ ਵਡੀਆਂ ਭੀੜਾਂ ਤੇ ਮੁਹਿੰਮਾਂ ਪੈਂਦੀਆਂ ਰਹੀਆਂ, ਪਰ ਉਹ ਸ਼ੇਰ-ਦਿਲ ਕਦੀ ਨਹੀਂ ਘਾਬਰਿਆ। ਔਕੜ ਵੇਲੇ ਅਕਾਲ ਪੁਰਖ ਅੱਗੇ ਪ੍ਰਾਰਥਨਾ ਕਰਨੀ ਤੇ ਕਾਰਜ ਸਿੱਧ ਲੈ ਲੈਣੇ।

ਇਕ ਵਾਰੀ ਇਕ ਵੱਡਾ ਸਰਦਾਰ, ਜੋ ਪਹਿਲੇ ਧਾੜਵੀ ਸੀ, ਆਕੀ ਹੋ ਗਿਆ। ਇਸ ਨੂੰ ਮਹਾਰਾਜਾ ਨੇ ਵੱਡੇ ਔਖ ਨਾਲ ਜਿੱਤਿਆ ਅਤੇ ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ। ਕੈਦ ਵਿਚ ਇਹ ਸਰਦਾਰ ਸਦੀਵ ਪਰਮੇਸ਼ਰ ਤੇ ਮਨੁੱਖਾਂ ਨੂੰ ਗਾਲ੍ਹਾਂ ਦਿੰਦਾ, ਤੇ ਜੋ ਮੂੰਹ ਪਰ ਆਉਂਦੀ ਬਕਦਾ ਰਹਿੰਦਾ। ਕਰਤਾਰ ਪਰ ਵਿਸ਼ਵਾਸ਼ ਰਖਣਾ ਸਰਬ ਸੁਖਾਂ ਦੀ ਖਾਣ ਹੈ, ਪਰ ਇਹ ਮਹਾਂ ਉੱਤਮ ਪਦਾਰਥ ਬੀ ਇਸ ਅਪਰਾਧੀ ਦੇ ਹਿਰਦੇ ਥੋਂ ਉਡਕੇ ਇਸ ਨੂੰ ਇਕ ਅਜਿਹੀ ਅੱਗ ਵਿਚ ਸਿੱਟ ਗਿਆ, ਕਿ ਜਿਸ ਵਿਚ ਆਦਮੀ ਮਰਦਾ ਤਾਂ ਨਹੀਂ, ਪਰ ਸਦੀਵ ਸੜਦਾ ਰਹਿੰਦਾ ਹੈ। ਕੈਦਖਾਨੇ ਦੀਆਂ ਡਰਾਉਣੀਆਂ ਕੰਧਾਂ ਇਸ ਨੂੰ ਖਾਣ ਨੂੰ ਪੈਂਦੀਆਂ ਤੇ ਹਨੇਰੇ ਵਿਚ ਅਨੇਕ ਪ੍ਰਕਾਰ ਦੇ ਭੈ ਇਸ ਦੀਆਂ ਅੱਖਾਂ ਅੱਗੇ ਆ ਆ ਕੇ ਇਸ ਦੇ ਦੁਖਾਂ ਨੂੰ ਦੂਣਾ ਕਰਦੇ। ਜਦ ਕੋਈ ਸਰਕਾਰੀ ਨੌਕਰ ਇਸ ਨੂੰ ਅੰਨ ਪਾਣੀ ਦੇਣ ਆਉਂਦਾ ਤਾਂ ਇਹ ਮਹਾਰਾਜਾ ਸਾਹਿਬ ਨੂੰ ਹਜ਼ਾਰ ਹਜ਼ਾਰ ਗਾਲ੍ਹ ਇਕੋ ਰਾਬੇ ਸੁਣਾਉਂਦਾ। ਇਕ ਦਿਨ ਇਹ ਦੁਖੀ ਸਮਾਂ ਕੱਟਣ ਲਈ ਆਪਣੀ ਕੁਟੀਆ ਦੇ ਜਾਲੇ ਫਰੋਲ ਰਿਹਾ ਸੀ, ਅਚਾਨਕ ਇਕ ਪੁਰਾਣੀ ਪੋਥੀ ਹੱਥ ਲੱਗੀ। ਉਸ ਨੂੰ ਲੈ ਕੇ ਪੜ੍ਹਨ ਬੈਠ ਗਿਆ। ਵਿਹਲਿਆਂ ਹੋਣ ਕਰਕੇ ਇਸ ਦਾ ਦਿਲ ਪੋਥੀ ਵਿਚ ਖੁਭਦਾ ਗਿਆ। ਛੇਕੜ ਇਕ ਤੁਕ ਪੁਰ ਪਹੁੰਚਾ:-

**ਸਦ ਬਖਸਿੰਦੁ ਸਦਾ ਮਿਹਰਵਾਨਾ**
**ਸਭਨਾ ਦੇਇ ਅਧਾਰੀ॥** (ਟੋਡੀ ਮ: ੫-੪-੭੧੩)

ਇਸ ਤੁਕ ਨੂੰ ਪੜ੍ਹਕੇ ਉਹ ਇਕ ਪ੍ਰਕਾਰ ਦੇ ਵਹਿਣ ਵਿਚ ਪੈ ਗਿਆ ਕਿ ਕੀ ਪਰਮੇਸ਼ੁਰ, ਜਿਸ ਨੂੰ ਮੈਂ ਇਕ ਡਰਾਉਣਾ ਭੂਤ ਸਮਝਦਾ ਹਾਂ, ਇੱਡਾ ਕ੍ਰਿਪਾਲੂ ਹੈ ਕਿ ਸਦੀਵ ਬਖਸ਼ਦਾ ਤੇ ਦਇਆ ਕਰਦਾ ਹੈ? ਅਤੇ ਪਾਪੀ ਪੁੰਨਾਤਮਾ ਸਭ ਨੂੰ ਆਸਰਾ ਦਿੰਦਾ ਹੈ? ਕੀ ਉਸ ਕ੍ਰਿਪਾ ਸਾਗਰ ਦੀ ਮਿਹਰ ਦੀ ਛਾਂ ਹੇਠ ਮੈਂ ਨਹੀਂ ਆ ਸਕਦਾ?

ਆਪ ਜਾਣਦੇ ਹੋ, ਜਦ ਆਦਮੀ ਦੁਨੀਆ ਦੇ ਹੱਥੋਂ ਸਤ ਜਾਂਦਾ ਹੈ ਤਾਂ ਉਸ ਦਾ ਮਨ ਸਚਾਈ ਦੇ ਪਰਵਾਨ ਕਰਨ ਨੂੰ ਸੁਤੇ ਹੀ ਤਿਆਰ ਹੋ ਜਾਂਦਾ ਹੈ। ਉਸ ਤੁਕ ਦੇ ਪਵਿਤ੍ਰ ਭਾਵ ਨੇ ਇਸ ਡੁਬਦੇ ਪੁਰਖ ਨੂੰ ਸਹਾਰਾ ਦਿਤਾ। ਇਕ ਰਾਤ ਮੀਂਹ ਹਨੇਰੀ ਤੇ ਵਰਖਾ ਨੇ ਉਹ ਤਰਥੱਲੀ ਮਚਾਈ ਕਿ ਕੈਦੀ ਨੂੰ ਨੀਂਦ ਨਾ ਆਈ ਅਰ ਇਸ ਸੋਚ ਵਿਚ ਸਾਰੀ ਰਾਤ ਬੀਤ ਗਈ ਕਿ ਮੈਂ ਪਾਪੀ ਹਾਂ ਤੇ ਪਰਮਾਤਮਾ ਸਭ ਨੂੰ ਸਹਾਰਾ ਦਿੰਦਾ ਹੈ, ਕੀ ਮੈਨੂੰ ਬੀ ਪਰਮੇਸ਼ੁਰ ਬਖਸ਼ੇਗਾ, ਕੀ ਮੇਰੇ ਪਾਪ ਬੀ ਖਿਮਾ ਹੋ ਸਕਦੇ ਹਨ। ਇਨ੍ਹਾਂ ਸੋਚਾਂ ਦਾ ਫਲ ਇਹ ਹੋਇਆ ਕਿ ਇਸ ਪਾਪੀ ਦੇ ਦਿਲ ਵਿਚ ਸੱਚਾ ਪਛਤਾਵਾ ਆਇਆ ਤੇ ਹੱਥ ਜੋੜ ਕੇ ਪ੍ਰਾਰਥਨਾ ਕਰਨ ਲੱਗਾ:-

"ਹੇ ਅਕਾਲ ਪੁਰਖ! ਮੈਂ ਆਪਣੀ ਜੁਆਨੀ ਦੇ ਦਿਨਾਂ ਵਿਚ ਕਈ ਆਦਮੀ ਬੇਦੋਸ਼ ਮਾਰੇ ਤੇ ਸੈਂਕੜੇ ਇਸਤ੍ਰੀਆਂ ਵਿਧਵਾ ਤੇ ਅਣਗਿਣਤ ਬਾਲ ਅਨਾਥ ਕੀਤੇ। ਤੇਰੀ ਸ੍ਰਿਸ਼ਟੀ ਨੂੰ ਦੁਖ ਦਿੱਤਾ ਤੇ ਛੇਕੜ ਪਾਤਸ਼ਾਹ ਦਾ, ਜਿਸਨੇ ਮੈਨੂੰ ਧਾੜਵੀ ਥੋਂ ਸਰਦਾਰ ਬਣਾਇਆ ਸੀ, ਦੁਸ਼ਮਨ ਹੋ ਗਿਆ। ਹੇ ਪਿਤਾ! ਮੈਥੋਂ ਵਧਕੇ ਪਾਪੀ ਕੋਈ ਨਹੀਂ, ਮੈਂ ਕੁੰਭੀ ਨਰਕ ਦੇ ਜੋਗ ਹਾਂ, ਪਰ ਆਪ ਬਖਸ਼ਿੰਦ ਹੋ, ਮੈਨੂੰ ਬੀ ਬਖਸ਼ੋ"। ਇਸ ਪ੍ਰਕਾਰ ਢੇਰ ਚਿਰ ਪ੍ਰਾਰਥਨਾ ਕਰਦਾ ਰਿਹਾ। ਦਿਨ ਹੋਏ ਫੇਰ ਉਹੋ ਪੋਥੀ ਪੜ੍ਹਨ ਲੱਗਾ, ਤਾਂ ਇਹ ਸ਼ਬਦ ਪੜ੍ਹਿਆ:- "ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥1॥" (ਸਿਰੀ, ਮ:੫, ਅੰਗ ੭੦)

ਇਹ ਸਾਰਾ ਸ਼ਬਦ ਪੜ੍ਹ ਕੇ ਕੈਦੀ ਨੂੰ ਵੱਡਾ ਅਨੰਦ ਪ੍ਰਾਪਤ ਹੋਇਆ ਤੇ ਆਪਣੇ ਆਪ ਵਿਚ ਹੀ ਕਹਿਣ ਲੱਗਾ ਕਿ ਅਗੇ ਮੈਂ ਆਪਣੇ ਆਪ ਨੂੰ ਅਤਿ ਦੁਖੀ ਸਮਝਦਾ ਸਾਂ, ਪਰ ਹੁਣ ਮੈਂ ਅਨੰਦ ਹਾਂ, ਮੇਰੇ ਸਭ ਸੰਕਟ ਨਿਵਿਰਤ ਹੋ ਗਏ, ਜਿਸ ਦਾ ਕਾਰਨ ਈਸ਼੍ਵਰ ਪੁਰ ਭਰੋਸਾ ਤੇ ਉਸ ਦੀ ਬਿਅੰਤ ਦਇਆ ਹੈ। ਮੇਰਾ ਦਿਲ, ਜੋ ਸਮੁੰਦਰ ਦੀਆਂ ਲਹਿਰਾਂ ਵਾਂਗੂ ਡੋਲ ਰਿਹਾ ਸੀ, ਹੁਣ ਸ਼ਾਂਤ ਹੈ। ਇਸ ਪ੍ਰਕਾਰ ਕਰਤਾਰ ਪੁਰ ਭਰੋਸਾ ਕਰਕੇ ਸੱਚੇ ਪਛੁਤਾਵੇ ਤੇ ਉਪਾਸ਼ਨਾ ਥੋਂ ਇਹ ਅਪ੍ਰਾਧੀ ਸੁਖੀ ਹੋ ਗਿਆ ਤੇ ਉਸ ਦੇ ਸਭ ਸੰਕਟ ਨਿਵਿਰਤ ਹੋ ਗਏ। ਦਿਨੋਂ ਦਿਨ ਪਾਠ ਵਿਚ ਵੱਧ ਤੋਂ ਵੱਧ ਪ੍ਰੇਮੀ ਹੁੰਦਾ ਗਿਆ ਅਰ ਇਕ ਗ੍ਰੰਥੀ ਨੂੰ ਸਦਵਾ ਕੇ ਉਸ ਥੋਂ ਕਈ ਸ਼ਬਦਾਂ ਦੇ ਅਰਥ ਸਮਝਦਾ। ਇਨ੍ਹਾਂ ਗੱਲਾਂ ਦਾ ਫਲ ਇਹ ਹੋਇਆ ਕਿ ਕੈਦੀ ਦਾ ਵਰਤੋਂ ਵਰਤਾਰਾ ਹੋਰ ਦਾ ਹੋਰ ਹੋ ਗਿਆ। ਹਰੇਕ ਨਾਲ ਮਿੱਠਾ ਬੋਲੇ, ਨਿੰਮ੍ਰਤਾ ਨਾਲ ਵਰਤੇ। ਸਾਰੇ ਲੋਕ ਹੈਰਾਨ ਸਨ ਕਿ ਇਹ ਅਚਰਜ ਖੇਡ ਕੀਹ ਵਰਤ ਗਈ ਜੋ ਇਸ ਦਾ ਸੁਭਾਉ ਅਜਿਹਾ ਵਟੀਜ ਗਿਆ।

ਇਸ ਥੋਂ ਕੁਝ ਦਿਨ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਰੁਹਤਾਸ ਆ ਡੇਰੇ ਲਾਏ। ਉਸ ਰਾਤ ਆਪ ਢਿੱਲੇ ਹੋ ਗਏ। ਦਵਾਵਾਂ ਦਰਮਲਾਂ ਸਭ ਅਫੱਲ ਗਈਆਂ। ਜਦ ਅੱਧੀ ਰਾਤ ਤੀਕ ਨੀਂਦ ਨਾ ਆਈ ਤਾਂ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਹੇ ਕਰਤਾਰ! ਮੈਨੂੰ ਨੀਂਦ ਬਖਸ਼। ਝੱਟ ਅੱਖ ਲੱਗ ਗਈ ਤੇ ਸਵੇਰੇ ਰਾਜ਼ੀ ਖੁਸ਼ੀ ਉਠੇ। ਵਜ਼ੀਰ ਧਿਆਨ ਸਿੰਘ ਨੂੰ ਸਦਾ ਕੇ ਬੋਲੇ:- "ਰਾਜਾ ਜੀ, ਵਾਹਿਗੁਰੂ ਨੇ ਮੇਰੀ ਬੇਨਤੀ ਸੁਣੀ ਤੇ ਮੈਨੂੰ ਆਰਾਮ ਬਖਸ਼ਿਆ। ਮੈਂ ਅੱਜ ਉਸ ਸਿਰਜਣਹਾਰ ਦੇ ਧੰਨਵਾਦ ਵਿਚ ਚਾਹੁੰਦਾ ਹਾਂ ਕਿ ਇਕ ਭਾਰੇ ਕੈਦੀ ਨੂੰ ਛੁਟਕਾਰਾ ਦਿਆਂ।" ਰਾਜਾ ਬੋਲਿਆ, "ਸੱਚੇ ਪਾਤਸ਼ਾਹ! ਇਸੇ ਕਿਲ੍ਹੇ ਵਿਚ ਇਕ ਧਾੜਵੀ ਸਰਦਾਰ ਕੈਦ ਹੈ, ਉਸ ਦੀ ਕੈਦ ਭੀ ਕਰੜੀ ਹੈ ਤੇ ਆਪ ਦੀ ਮਿਹਰ ਦੇ ਜੋਗ ਇਸ ਵੇਲੇ ਉਹੋ ਹੀ ਹੈ।" ਮਹਾਰਾਜ ਦਾ ਹੁਕਮ ਹੋ ਗਿਆ। ਝੱਟ ਕੈਦੀ ਨੂੰ ਛੁਟਕਾਰੇ ਦੀ ਖ਼ੁਸ਼ਖ਼ਬਰੀ ਸੁਣਾਈ ਗਈ ਅਰ ਮਹਾਰਾਜੇ ਦੇ ਪੇਸ਼ ਕੀਤਾ ਗਿਆ। ਆਪ ਨੇ ਹੱਸ ਕੇ ਪੁਛਿਆ, "ਕਿਉਂ ਭਈ ਅਜੇ ਸਿੱਧਾ ਹੋਇਆ ਹੈਂ ਕਿ ਨਹੀਂ?" ਇਸ ਦੇ ਉੱਤਰ ਵਿਚ ਉਸ ਨੇ ਕੈਦਖਾਨੇ ਦਾ ਸਾਰਾ ਸਮਾਚਾਰ ਸੁਣਾ ਕੇ ਕਿਹਾ ਕਿ ਮਹਾਰਾਜ ਆਪ ਦੀ ਕ੍ਰਿਪਾ ਨਾਲ ਮੈਂ ਧਾੜਵੀ ਥੋਂ ਸਰਦਾਰ ਬਣਿਆ ਤੇ ਆਪ ਦੀ ਹੀ ਕੈਦ ਵਿਚ ਆਪਣੇ ਸੱਚੇ ਪਿਤਾ ਪਰਮੇਸ਼ੁਰ ਦੇ ਪ੍ਰੇਮ ਥੀਂ ਜਾਣੂ ਹੋਇਆ। ਹੁਣ ਮੈਨੂੰ ਸੱਚੀ ਖੁਸ਼ੀ ਪ੍ਰਾਪਤ ਹੈ, ਮੇਰਾ ਮਨ ਵਾਹਿਗੁਰੂ ਦੇ ਪ੍ਰੇਮ ਵਿਚ ਮਗਨ ਹੈ। ਇਸ ਕੈਦ ਥੀਂ ਭੀ ਉਸੇ ਦੀ ਬਿਅੰਤ ਦਇਆ ਨਾਲ ਖਲਾਸੀ ਹੋਈ ਹੈ ਤੇ ਅੰਤ ਨੂੰ ਬੀ ਮਹਾਂ ਭੌਜਲ ਥੋਂ ਉਸ ਨੇ ਛੁਟਕਾਰਾ ਬਖਸ਼ਣਾ ਹੈ। ਜਿਹਾ ਕੁ ਵਾਕ ਹੈ:-

**ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ॥**

(ਰਾਮ: ਵਾਰ: ਮ: ੫, ਅੰਗ-੯੬੨)

ਮਹਾਰਾਜਾ ਇਹ ਗੱਲਾਂ ਸੁਣਕੇ ਵੱਡਾ ਪ੍ਰਸੰਨ ਹੋਇਆ, ਅਰ ਉਸ ਨੂੰ ਫੇਰ ਸਰਦਾਰੀ ਦੇਣ ਲੱਗਾ, ਪਰ ਉਸ ਨੇ ਨੱਕ ਨਾ ਧਰਿਆ (ਭਾਵ ਸਰਦਾਰੀ ਲੈਣੀ ਪ੍ਰਵਾਣ ਨਾ ਕੀਤੀ) ਅਰ ਇਹ ਕਹਿ ਕੇ ਚਲਾ ਗਿਆ:-

**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥**

(ਸਿਰੀ, ਮ: ੧, ਅੰਗ ੧੪)

ਪਿਆਰੇ ਪਾਠਕੋ! ਰਤਾ ਸੋਚੋ ਕਿ ਪਰਮੇਸ਼ੁਰ ਪੁਰ ਨਿਸ਼ਚਾ ਕਰਨਾ

**(ਬਾਕੀ ਪੰਨਾ 4 'ਤੇ)**

# ਛੋਟਾ ਘੱਲੂਘਾਰਾ (ਸੰਨ 1746 ਈ:)

❖ ਪਿਆਰਾ ਸਿੰਘ ਦਾਤਾ

## ਸਿੱਖਾਂ ਪੁਰ ਸਖ਼ਤੀ ਦਾ ਨਵਾਂ ਦੌਰ

ਖ਼ਾਨ ਬਹਾਦਰ ਜ਼ਕਰੀਆ ਖ਼ਾਨ ਨੇ ਸਿੱਖਾਂ ਨੂੰ ਖ਼ਤਮ ਕਰਨ ਦੀ ਬੜੀ ਕੋਸ਼ਿਸ਼ ਕੀਤੀ। ਹਜ਼ਾਰਾਂ ਸਿੰਘਾਂ ਨੂੰ ਕਤਲ ਕੀਤਾ ਗਿਆ, ਪਰ ਉਹ ਆਪਣੇ ਮਨੋਰਥ ਵਿਚ ਕਾਮਯਾਬ ਨਾ ਹੋ ਸਕਿਆ। ਆਪਣੇ ਸੀਨੇ ਵਿਚ ਸਿੱਖਾਂ ਨੂੰ ਮਿਟਾਉਣ ਦੀਆਂ ਹਸਰਤਾਂ ਛੁਪਾਈ ਉਹ 1745 ਈ: ਵਿਚ ਮਰ ਗਿਆ। ਉਸ ਦੀ ਮੌਤ ਪਿਛੋਂ ਮੂਮਨ ਖ਼ਾਨ ਕਸੂਰੀਆ ਲਾਹੌਰ ਦਾ ਹਾਕਮ ਬਣਿਆ, ਪਰ ਛੇਤੀ ਹੀ ਜ਼ਕਰੀਆ ਖ਼ਾਨ ਦੇ ਵੱਡੇ ਪੁੱਤਰ ਯਹੀਆ ਖ਼ਾਂ ਨੇ ਲਾਹੌਰ ਦੀ ਵਾਗਡੋਰ ਦਿੱਲੀ ਦੇ ਵਜ਼ੀਰ ਦੀ ਮਦਦ ਨਾਲ ਸੰਭਾਲ ਲਈ। ਇਸ ਦਾ ਵਜ਼ੀਰ ਲਖਪਤ ਰਾਏ ਸੀ। ਜਸਪਤ ਰਾਏ ਤੇ ਲਖਪਤ ਰਾਏ ਦੋਵੇਂ ਭਰਾ ਸਨ। ਇਹਨਾਂ ਦੋਹਾਂ ਵੀ ਮਾਨੋਂ ਸਿੱਖਾਂ ਦਾ ਖੁਰਾ ਖੋਜ ਮਿਟਾਣ ਦੀ ਕਸਮ ਖਾਧੀ ਹੋਈ ਸੀ। ਜਸਪਤ ਰਾਏ ਉਹਨਾਂ ਦਿਨਾਂ ਵਿਚ ਐਮਨਾਬਾਦ ਦਾ ਫ਼ੌਜਦਾਰ ਸੀ। ਇਕ ਦਿਨ ਉਹ ਇਕ ਪਿੰਡ ਦੇ ਬਾਹਰ ਤੰਬੂ ਵਿਚ ਬੈਠਾ ਸਿੱਖਾਂ ਨੂੰ ਮਲੀਆ-ਮੇਟ ਕਰਨ ਦੀਆਂ ਤਜਵੀਜ਼ਾਂ ਸੋਚ ਰਿਹਾ ਸੀ, ਕਿ ਕਿਸੇ ਆਣ ਖ਼ਬਰ ਦਿੱਤੀ, ਕਿ 2000 ਸਿੱਖਾਂ ਦਾ ਜਥਾ ਰੋਹੜੀ ਸਾਹਿਬ ਦੇ ਗੁਰਦੁਆਰੇ (ਐਮਨਾਬਾਦ) ਦੇ ਕੋਲ ਰਹਿ ਗਿਆ ਹੋਇਆ ਹੈ।

ਦੀਵਾਨ ਜਸਪਤ ਨੇ ਸੁਨੇਹਾ ਘਲਿਆ, ਕਿ ਸਿੱਖ ਫ਼ੌਰਨ ਉਥੋਂ ਨਿਕਲ ਜਾਣ, ਪਰ ਕਈ ਦਿਨਾਂ ਦੇ ਭੁੱਖੇ ਸਿੰਘਾਂ ਵਲੋਂ ਲੰਗਰ ਤਿਆਰ ਕਰਕੇ ਖਾਣ ਦਾ ਉਪਰਾਲਾ ਹੋਇਆ ਸੀ ਸੋ, ਉਨ੍ਹਾਂ ਏਨੀ ਛੇਤੀ ਜਾਣੋਂ ਇਨਕਾਰ ਕਰ ਦਿੱਤਾ।

## ਜਸਪਤ ਰਾਏ ਦੀ ਮੌਤ

ਦੀਵਾਨ ਨੇ ਆਪਣੀ ਫ਼ੌਜ ਨਾਲ ਉਸ ਵੇਲੇ ਉਥੇ ਠਹਿਰੇ ਸਿੱਖਾਂ ਤੇ ਜਾ ਹਮਲਾ ਕੀਤਾ। ਦੋਹਾਂ ਪਾਸਿਓਂ ਜਦ ਤਲਵਾਰ ਖੜਕ ਰਹੀ ਸੀ, ਤਾਂ ਰੰਗਰੇਟਾ ਸਿੰਘ ਨਾਂ ਦਾ ਇਕ ਮਨਚਲਾ ਸਿੱਖ ਦੀਵਾਨ ਦੇ ਹਾਥੀ ਦੀ ਪੂਛ ਫੜ ਕੇ ਉਪਰ ਚੜ੍ਹ ਗਿਆ ਤੇ ਉਸ ਦਾ ਸਿਰ ਕਟ ਕੇ ਹੇਠਾਂ ਉਤਰ ਆਇਆ।

ਦੀਵਾਨ ਦੀ ਮੌਤ ਨਾਲ ਮੁਗ਼ਲ ਫ਼ੌਜਾਂ ਨੱਠ ਗਈਆਂ। ਸਿੱਖ ਮੈਦਾਨ ਖ਼ਾਲੀ ਵੇਖ ਕੇ ਐਮਨਾਬਾਦ ਪੁਰ ਜਾ ਪਏ ਤੇ ਉਥੋਂ ਜੋ ਹੱਥ ਆਇਆ ਸੰਭਾਲ ਕੇ ਮੁਗ਼ਲਾਂ ਵੱਲੋਂ ਕਿਸੇ ਨਵੀਂ ਫ਼ੌਜ ਆਉਣ ਤੋਂ ਪਹਿਲਾਂ ਹੀ ਖਿਸਕ ਤੁਰੇ।

## ਲਖਪਤ ਦਾ ਪ੍ਰਣ

ਜਸਪਤ ਰਾਏ ਦੀ ਮੌਤ ਦੀ ਖ਼ਬਰ ਜਦ ਲਖਪਤ ਰਾਏ ਨੂੰ ਪੁੱਜੀ ਤਾਂ ਉਸ ਕਸਮ ਖਾਧੀ ਕਿ ਜਦ ਤਕ ਮੈਂ ਸਿੱਖਾਂ ਦੇ ਖੁਰਾਖੋਜ ਨੂੰ ਨਾ ਮਿਟਾ ਲਵਾਂ ਖੱਤਰੀ ਦਾ ਪੁੱਤਰ ਨਹੀਂ ਕਹਾਵਾਂਗਾ।

ਲਾਹੌਰ ਦੇ ਸੂਬੇ ਯਹੀਆ ਖ਼ਾਂ ਲਈ ਇਕ ਸੁਨਹਿਰੀ ਮੌਕਾ ਹੱਥ ਆਇਆ ਸੀ। ਉਸ ਨੇ ਹੁਕਮ ਦੇ ਦਿੱਤਾ; ਕਿ "ਜਿੱਥੇ ਕੋਈ ਸਿੱਖ ਮਿਲ ਜਾਵੇ, ਜਾਂ ਜਿਹੜਾ ਵੀ ਗੁਰੂ ਗੋਬਿੰਦ ਸਿੰਘ ਦਾ ਨਾਮ ਲੇਵਾ ਹੋਏ, ਉਸ ਨੂੰ ਕਤਲ ਕਲ ਦਿਓ। ਸਿੱਖਾਂ ਦੇ ਸਿਰ ਪੇਸ਼ ਕਰਨ ਵਾਲਿਆਂ ਨੂੰ ਇਨਾਮ ਦਿੱਤੇ ਜਾਣਗੇ।" ਸੋ ਹਜ਼ਾਰਾਂ ਸਿੱਖ ਰੋਜ਼ਾਨਾ ਕਤਲ ਕੀਤੇ ਜਾਣ ਲੱਗੇ ਤੇ ਉਹਨਾਂ ਦੇ ਸਿਰ ਲਾਹੌਰ ਸੂਬੇ ਪਾਸ ਇਨਾਮ ਲਈ ਆਉਣ ਲੱਗੇ।

ਦੀਵਾਨ ਲਖਪਤ ਨੇ ਸਭ ਤੋਂ ਪਹਿਲਾਂ ਲਾਹੌਰ ਰਹਿਣ ਵਾਲੇ ਸਰਕਾਰੀ ਨੌਕਰਾਂ ਤੇ ਦੂਜੇ ਲਾਹੌਰੀ ਸਿੱਖਾਂ ਨੂੰ ਫੜ ਮੰਗਾਇਆ।

ਇਸ ਖ਼ਬਰ ਨਾਲ ਸਾਰੇ ਸ਼ਹਿਰ ਦੇ ਹਿੰਦੂਆਂ ਵਿਚ ਹਾਹਾਕਾਰ ਮਚ ਗਈ। ਸ਼ਹਿਰ ਦੇ ਸਿਰਕੱਢ ਹਿੰਦੂ ਕੱਠੇ ਹੋ ਕੇ ਲਖਪਤ ਪਾਸ ਗਏ ਕਿ ਇਨ੍ਹਾਂ ਬੇ-ਕਸੂਰ ਸਿੱਖਾਂ ਨੂੰ ਕਤਲ ਨਾ ਕੀਤਾ ਜਾਵੇ, ਪਰ ਉਸਨੇ ਇਕ ਨਾ ਮੰਨੀ, ਫਿਰ ਉਹ ਦੀਵਾਨ ਦੇ ਗੁਰੂ ਨੂੰ ਨਾਲ ਲੈ ਕੇ ਉਸ ਪਾਸ ਆਏ, ਪਰ ਉਸ ਦਾ ਕਿਹਾ ਵੀ ਇਸ ਜ਼ਾਲਮ ਨੇ ਨਾ ਮੰਨਿਆ ਤੇ ਪਕੜੇ ਗਏ ਸਿੱਖਾਂ ਨੂੰ ਕਤਲ ਕਰ ਦਿੱਤਾ। ਉਸ ਨੇ ਸਾਰੇ ਸ਼ਹਿਰ ਢੰਡੋਰਾ ਪਿੱਟ ਦਿੱਤਾ, ਕਿ ਕੋਈ ਗੁਰੂ ਦਾ ਨਾਂ ਨਾ ਲਏ। ਗੁੜ ਵੀ ਗੁਰੂ ਜੀ ਨੂੰ ਯਾਦ ਕਰਾ ਦੇਂਦਾ ਹੈ, ਇਸ ਲਈ ਗੁੜ ਨੂੰ ਰੋੜੀ ਜਾਂ ਭੇਲੀ ਕਹੋ। ਉਸ ਨੇ ਗੁਰਬਾਣੀ ਤੇ ਇਤਿਹਾਸਕ ਪੁਸਤਕਾਂ ਸੜਵਾ ਦਿੱਤੀਆਂ ਤੇ ਗੁਰਦੁਆਰੇ ਢੁਹਾ ਦਿੱਤੇ। ਇਸ ਕੰਮੋਂ ਵਿਹਲਿਆਂ ਹੋ ਕੇ ਲਖਪਤ ਨੇ ਫ਼ੌਜ ਇਕੱਠੀ ਕੀਤੀ ਤੇ ਭਰਾ ਦੇ ਕਾਤਲ ਸਿੱਖਾਂ ਦੇ ਪਿੱਛੇ ਤੁਰ ਪਿਆ। ਉਸ ਵੇਲੇ ਪੰਦਰ੍ਹਾਂ ਕੁ ਹਜ਼ਾਰ ਸਿੱਖ, ਸ੍ਰ: ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ ਆਦਿ ਸਿੱਖਾਂ ਦੀ ਜਥੇਦਾਰੀ ਹੇਠਾਂ ਕਾਹਨੂੰਵਾਲ ਦੇ ਜੰਗਲਾਂ ਵਿਚ ਜਾ ਛੁਪੇ ਸਨ। ਲਖਪਤ ਦੀਆਂ ਫ਼ੌਜਾਂ ਨੇ ਇਸ ਜੰਗਲ ਨੂੰ ਘੇਰ ਲਿਆ ਤੇ ਅੱਗ ਲਾ ਦਿੱਤੀ। ਸਿੱਖ ਜਥੇ ਬੜੀ ਮੁਸੀਬਤ ਵਿਚ ਸਨ। ਇਕ ਪਾਸੇ ਪਹਾੜ ਸਨ ਤੇ ਦੂਜੇ ਪਾਸੇ ਦਰਿਆ ਰਾਵੀ ਠਾਠਾਂ ਮਾਰ ਰਿਹਾ ਸੀ, ਬਾਕੀ ਰਾਹ ਸ਼ਾਹੀ ਫ਼ੌਜ ਨੇ ਰੋਕੇ ਹੋਏ ਸਨ। ਕਈ ਦਿਨਾਂ ਦੇ ਭੁੱਖੇ ਤਿਹਾਏ ਸਿੱਖਾਂ ਨੂੰ ਸਾੜ ਦੇਣ ਲਈ ਜੰਗਲ ਨੂੰ ਅੱਗ ਲਾ ਦਿੱਤੀ ਗਈ। ਜੰਮ ਕੇ ਲੜਨਾ ਉਹਨਾਂ ਲਈ ਬਹੁਤ ਮੁਸ਼ਕਲ ਹੋ ਗਿਆ। ਰਾਤ ਨੂੰ ਦੁਸ਼ਮਨ ਪੁਰ ਛਾਪਾ ਮਾਰ ਕੇ, ਅਰ ਜੋ ਹੱਥ ਆਵੇ, ਲੈ ਕੇ ਸਿੱਖ ਉਠ ਨਠਦੇ ਸਨ, ਪਰ ਕਿੰਨੇ ਦਿਨ? ਅਖ਼ੀਰ ਕਈ ਸਿੱਖਾਂ ਨੇ ਰਾਵੀ ਪਾਰ ਕਰਨ ਦੀ ਠਾਣੀ, ਪਰ ਇਸ ਕੋਸ਼ਿਸ਼ ਵਿਚ ਉਹ ਦਰਿਆ ਦੀ ਹੀ ਭੇਟ ਹੋ ਗਏ। ਕੁਝ ਪਹਾੜਾਂ ਪੁਰ ਚੜ੍ਹ ਗਏ, ਉਹਨਾਂ ਨੂੰ ਪਹਾੜੀ ਰਾਜਪੂਤਾਂ ਨੇ ਸ਼ਾਹੀ ਹੁਕਮ ਅਨੁਸਾਰ ਰੋਕ ਲਿਆ ਤੇ ਉਹ ਉਧਰ ਹੀ ਮਾਰੇ ਗਏ।

ਸ਼ਾਹੀ ਫ਼ੌਜ ਭਾਰੀ ਤੋਪਖ਼ਾਨਾ ਲਈ ਸਿੱਖਾਂ ਦੀ ਅਲਖ ਮੁਕਾਣ ਲਈ ਤਿਆਰ ਬੈਠੀ ਸੀ। ਇਸ ਹਾਲਤ ਵਿਚ ਜਥੇਦਾਰਾਂ ਨੇ ਫ਼ੈਸਲਾ ਕੀਤਾ, ਕਿ ਇਕ ਪਾਸੇ ਨੂੰ ਮੂੰਹ ਕਰ ਸਿੱਖ ਫ਼ੌਜਾਂ ਭਜ ਉੱਠਣ, ਤੇ ਜਦ ਸ਼ਾਹੀ ਫ਼ੌਜ ਉਹਨਾਂ ਨੂੰ ਨਠ ਗਿਆ ਸਮਝਕੇ ਪਿੱਛਾ ਕਰੇ, ਤਾਂ ਉਹ ਅਚਾਨਕ ਪਿੱਛੇ ਪਰਤ ਕੇ ਦੁਸ਼ਮਣ ਤੋਂ ਘੋੜੇ, ਅੰਨ, ਰਾਸ਼ਨ ਤੇ ਸਿੱਕਾ ਬਰੂਦ ਖੋਹਕੇ ਫਿਰ ਜੰਗਲ ਵਿਚ ਜਾ ਛੁਪਣ। ਸੋ ਇਸੇ ਤਰ੍ਹਾਂ ਕੀਤਾ ਗਿਆ ਤੇ ਸੁੱਤੇ ਪਏ ਦੁਸ਼ਮਣ ਤੇ ਛਾਪਾ ਮਾਰ ਕੇ ਬੇਗਿਣਤ ਘੋੜੇ ਤੇ ਹੋਰ ਸਾਮਾਨ ਖੋਹ ਕੇ ਸਿੱਖ ਫਿਰ ਆਪਣੇ ਠਿਕਾਣੇ ਆ ਪੁੱਜੇ। ਲਖਪਤ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸੜ ਭੁੱਜ ਗਿਆ। ਉਸ ਨੇ ਹਮਲਾ ਹੋਰ ਤੇਜ਼ ਕਰ ਦਿੱਤਾ। ਸਿੱਖ ਪਹਾੜਾਂ ਪੁਰ ਚੜ੍ਹੇ ਤਾਂ ਅੱਗੋਂ ਪਹਾੜੀਆਂ ਨੇ ਗੋਲੀਆਂ ਦੀ

ਅੱਗ ਵਰਸਾ ਕੇ ਰੋਕ ਦਿੱਤਾ। ਅਖ਼ੀਰ ਇਹ ਫ਼ੈਸਲਾ ਕੀਤਾ ਗਿਆ ਕਿ ਪੈਦਲ ਜਥੇ ਪਹਾੜਾਂ ਤੇ ਚੜ੍ਹ ਜਾਣ ਤੇ ਘੋੜ ਚੜ ਦੁਸ਼ਮਨ ਦੀਆਂ ਸਫ਼ਾਂ ਨੂੰ ਚੀਰਦੇ, ਜਿਧਰ ਨੂੰ ਮੂੰਹ ਆਵੇ ਨਿਕਲ ਜਾਣ।

ਲਖਪਤ ਨੇ ਆਪਣੀਆਂ ਅਯਦਹਾ ਰੂਪੀ ਤੋਪਾਂ ਦਾ ਮੂੰਹ ਸਿੰਘਾਂ ਵਲ ਕੀਤਾ। ਜੰਗਲਾਂ 'ਚੋਂ ਰਾਹ ਸਾਫ਼ ਕਰਾਏ, ਛੁਪਣ ਵਾਲੇ ਝਾੜਾਂ ਨੂੰ ਅੱਗ ਲੁਵਾ ਦਿੱਤੀ। ਆਪਣੇ ਭਾੜੇ ਦੇ ਟੱਟੂ ਫ਼ੌਜੀਆਂ ਨੂੰ ਕਰੜਾ ਹੁਕਮ ਦਿੱਤਾ ਕਿ ਲੁੱਟਮਾਰ ਨਾਲੋਂ ਉਹ ਸਿੱਖਾਂ ਦਾ ਖੁਰਾਖੋਜ ਮਿਟਾਉਣ ਵਿਚ ਸਾਰਾ ਜ਼ੋਰ ਲਾਉਣ। ਜਿਹੜਾ ਸਿੱਖ ਦਾ ਸਿਰ ਲੈ ਕੇ ਆਵੇਗਾ, ਉਸਨੂੰ ਪੰਜਾਹ ਰੁਪਏ ਆਪਣੇ ਪਲਿਓਂ ਦੇਣ ਦਾ ਲਖਪਤ ਨੇ ਐਲਾਨ ਕੀਤਾ।

ਸਿੱਖਾਂ ਵੇਖਿਆ ਕਿ ਇਹ ਜ਼ਾਲਮ ਕਿਸੇ ਤਰ੍ਹਾਂ ਨਹੀਂ ਟਲਦਾ ਤਾਂ ਭਾ: ਸੁਖਾ ਸਿੰਘ ਤੇ ਹੋਰ ਜਥੇਦਾਰਾਂ ਨੇ ਰਲ ਕੇ ਸਲਾਹ ਕੀਤੀ, ਕਿ ਕਿਸੇ ਤਰ੍ਹਾਂ ਜਸਪਤ ਵਾਂਗ ਇਸ ਨੂੰ ਵੀ ਪਾਰ ਬੁਲਾਣਾ ਚਾਹੀਦਾ ਹੈ, ਵਰਨਾ ਇਸ ਨੇ ਇਸ ਜ਼ੁਲਮ ਤੋਂ ਬਾਜ਼ ਨਹੀਂ ਆਉਣਾ। ਸੋ ਸਿੱਧੀ ਉਸ ਦੇ ਹਾਥੀ ਵਲ ਸੇਧ ਬੰਨ੍ਹ ਕੇ ਨਾਮੀ ਸਿੰਘ ਸੂਰਮੇ ਤੇਗ ਵਾਹੁੰਦੇ ਅੱਗੇ ਵੱਧੇ, ਪਰ ਲਖਪਤ ਨੂੰ ਆਪਣੇ ਮਾਂ ਜਾਏ ਭਰਾ ਦੀ ਮੌਤ ਯਾਦ ਆ ਗਈ ਤੇ ਉਹ ਹਾਥੀ ਤੋਂ ਉਤਰ ਕੇ ਘੋੜੇ ਤੇ ਸਵਾਰ ਹੋ ਗਿਆ। ਹਜ਼ਾਰਾਂ ਸਿੰਘ ਇਸ ਸਮੇਂ ਮਾਰੇ ਗਏ। ਉਧਰ ਲਖਪਤ ਦਾ ਪੁੱਤਰ ਹਰਭਜ ਤੇ ਹੋਰ ਕਈ ਸੂਰਮੇ ਖੇਤ ਰਹੇ ਕਿ ਸ: ਸੁੱਖਾ ਸਿੰਘ ਦੀ ਟੰਗ ਪੁਰ ਸਖ਼ਤ ਚੋਟ ਲੱਗੀ ਜਿਸ ਨਾਲ ਉਹ ਟੁੱਟ ਗਈ। ਉਸ ਬਹਾਦਰ ਨੇ ਪਗੜੀ ਨਾਲ ਲਤ ਨੂੰ ਬੰਨ੍ਹ ਲੀਤਾ ਤੇ ਫਿਰ ਤਲਵਾਰ ਚਲਾਉਂਦਾ ਅੱਗੇ ਵਧਿਆ, ਪਰ ਲਖਪਤ ਤਕ ਪਹੁੰਚਣਾ ਬੜਾ ਹਾਨੀਕਾਰਕ ਸਾਬਤ ਹੋਇਆ। ਸੋ ਅਖ਼ੀਰ ਫ਼ੈਸਲਾ ਕੀਤਾ ਗਿਆ ਕਿ ਦੁਸ਼ਮਣ ਦੀਆਂ ਸਫ਼ਾਂ ਚੀਰਦੇ ਸਿੱਖ ਕਿਸੇ ਪਾਸੇ ਨਿਕਲ ਤੁਰਨ। ਵੈਰੀ ਨੂੰ ਮਾਰਦੇ ਮਾਰਦੇ ਸਿੱਖ ਸ: ਸੁੱਖਾ ਸਿੰਘ ਦੀ ਅਗਵਾਈ ਹੇਠ ਨਿਕਲ ਤੁਰੇ।

ਇਸ ਤਰ੍ਹਾਂ ਦੁਸ਼ਮਣ ਦੀ ਭਾਰੀ ਫ਼ੌਜੀ ਤਾਕਤ ਨਾਲ ਘੋਲ ਕਰਦੇ ਦੋ-ਤਿੰਨ ਹਜ਼ਾਰ ਸਿੰਘ ਦੁਆਬੇ ਵਲ ਨਿਕਲ ਗਏ, ਕੁਝ ਕੁੱਲੂ, ਮੰਡੀ ਤੇ ਕਾਂਗੜੇ ਵਲ ਤੇ ਬਾਕੀ ਦੇ ਬਾਵਜੂਦ ਪਹਾੜੀ ਫ਼ੌਜਾਂ ਦੀ ਰੁਕਾਵਟ ਦੇ, ਪਹਾੜਾਂ ਤੇ ਚੜ੍ਹਨ ਵਿਚ ਕਾਮਯਾਬ ਹੋ ਗਏ। ਦੁਆਬੇ ਵਲ ਗਏ ਸਿੰਘਾਂ ਦਾ ਹਾਲੀਂ ਤਕ ਸ਼ਾਹੀ ਫ਼ੌਜ ਪਿੱਛਾ ਕਰ ਰਹੀ ਸੀ। ਉਪਰੋਂ ਮਹੀਨਾ ਜੇਠ ਦਾ ਤੇ ਕਹਿਰਾਂ ਦੀ ਗਰਮੀ ਪੈ ਰਹੀ ਸੀ। ਹੇਠਾਂ ਭਠ ਵਾਂਗ ਤਪਦੀ ਰੇਤ ਮੂੰਹ ਅੱਡੀ ਖੜੋਤੀ ਸੀ। ਘੋੜੇ ਚੜੇ ਤੇ ਲੰਘ ਗਏ, ਪਰ ਪੈਦਲਾਂ ਲਈ ਇਹ ਮੌਤ ਸੀ। ਉਹਨਾਂ ਕਪੜੇ ਫਾੜ ਫਾੜ ਕੇ ਪੈਰਾਂ ਨੂੰ ਢਕਿਆ। ਪੇਟੋਂ ਭੁਖੇ, ਜ਼ਖ਼ਮਾਂ ਨਾਲ ਚੂਰ, ਕੜਕਦੀ ਦੁਪਹਿਰੋਂ ਸਿੱਖ ਵੈਰੀ ਨਾਲ ਲੜਦੇ-ਲੜਦੇ ਬਹੁਤ ਦੂਰ ਨਿਕਲ ਗਏ।

### ਸ਼ਾਹੀ ਫ਼ੌਜ ਦੀ ਵਾਪਸੀ

ਲਖਪਤ ਆਪਣੀ ਸਾਰੀ ਵਾਹ ਲਾ ਕੇ ਸਿੱਖਾਂ ਨੂੰ ਬਿਨਾਂ ਮੁਕਾਏ ਫ਼ੌਜਾਂ ਨੂੰ ਲੈ ਵਾਪਸ ਲਾਹੌਰ ਆ ਗਿਆ। ਉਧਰ ਸਿੱਖਾਂ ਕਿੰਨੇ ਚਿਰ ਪਿੱਛੋਂ ਕਮਰਕੱਸੇ ਖੋਹਲੇ ਤੇ ਪ੍ਰਸ਼ਾਦਾ ਛਕਿਆ। ਜ਼ਖ਼ਮੀਆਂ ਦੀ ਮਰਹਮਪੱਟੀ ਕੀਤੀ ਗਈ ਤੇ ਮਹੀਨਿਆਂ ਦਾ ਥਕੇਵਾਂ ਕੁਝ ਦਿਨਾਂ ਵਿਚ ਲਾਹ ਕੇ ਸਿੱਖਾਂ ਮਾਲਵੇ ਵਲ ਕੂਚ ਕੀਤਾ।

ਇਸ ਲੜਾਈ ਦਾ ਨਾਂ ਇਤਿਹਾਸ ਵਿਚ 'ਛੋਟਾ ਘੱਲੂਘਾਰਾ' ਕਰਕੇ ਪ੍ਰਸਿੱਧ ਹੈ। ਵੱਡਾ ਘੱਲੂਘਾਰਾ ਇਸ ਲੜਾਈ ਤੋਂ ਪੂਰੇ 16 ਸਾਲ ਪਿੱਛੋਂ ਹੋਇਆ, ਜਿਸ ਵਿਚ ਇਸ ਤੋਂ ਵੀ ਵਧੇਰੇ ਸਿੱਖਾਂ ਦਾ ਖ਼ੂਨ ਡੁਲ੍ਹਿਆ।

ਇਹ ਲੜਾਈ ਜੂਨ 1746 ਵਿਚ ਹੋਈ ਸੀ। ਭਾਵੇਂ ਦੁਸ਼ਮਣ ਫ਼ੌਜ ਦਾ ਵੀ ਕਾਫ਼ੀ ਨੁਕਸਾਨ ਹੋਇਆ ਸੀ, ਪਰ ਸਿੱਖ ਪੰਦਰ੍ਹਾਂ ਹਜ਼ਾਰ ਵਿਚੋਂ ਮਸਾਂ ਪੰਜ ਕੁ ਹਜ਼ਾਰ ਬਚੇ। ਦਸ ਹਜ਼ਾਰ ਦੇ ਕਰੀਬ ਸ਼ਹੀਦ ਹੋ ਗਏ। ਸਿੱਖਾਂ ਦੇ ਪੰਜਾਹ ਜਥਿਆਂ ਵਿੱਚੋਂ ਸਿਰਫ਼ ਦਸ ਜਥੇ ਬਚੇ ਸਨ। ਚਾਲ੍ਹੀ ਜਥਿਆਂ ਦੇ ਦਸ ਹਜ਼ਾਰ ਸਿੱਖਾਂ ਦਾ ਲਹੂ ਇਸ ਘੱਲੂਘਾਰੇ ਦੀ ਭੇਟ ਹੋਇਆ। ਇਕ ਹਜ਼ਾਰ ਸਿੱਖ ਤਾਂ ਬਸੋਹਲੀ ਦੇ ਪਹਾੜੀਆਂ ਨੇ ਪਹਾੜਾਂ ਤੇ ਚੜ੍ਹਨ ਸਮੇਂ ਫੜ ਕੇ ਲਖਪਤ ਦੇ ਹਵਾਲੇ ਕਰ ਦਿੱਤੇ। ਲਖਪਤ ਨੇ ਇਹਨਾਂ ਸਿੱਖਾਂ ਨੂੰ ਲਾਹੌਰ ਲਿਆ ਕੇ ਬੜੀ ਬੇਦਰਦੀ ਨਾਲ ਕਤਲ ਕੀਤਾ। ਇਹਨਾਂ ਦੇ ਸਿਰ ਮੁਨਾਰਿਆਂ ਵਿਚ ਚਿਣੇ ਗਏ। ਅੱਜ ਕੱਲ੍ਹ ਦਾ ਸ਼ਹੀਦ ਗੰਜ ਗੁਰਦੁਆਰਾ ਇਹਨਾਂ ਦੀ ਹੀ ਯਾਦ ਵਿਚ ਹੈ। ਇਸ ਧਰਤੀ ਵਿੱਚੋਂ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਮਾਸੂਮ ਬੱਚਿਆਂ ਦੀਆਂ ਹੱਡੀਆਂ ਨਿਕਲੀਆਂ ਹਨ।

ਕਾਹਨੂੰਵਾਲ ਦੇ ਗਿਰਦ ਨਾ ਹੁਣ ਉਹ ਜੰਗਲ ਰਿਹਾ ਤੇ ਨਾ ਖੰਡਰ। ਅੱਜ ਕੱਲ੍ਹ ਇਸ ਥਾਂ ਤੇ ਲੋਕਾਂ ਨੇ ਖੇਤ ਬੀਜ ਲਏ ਹਨ, ਪਰ ਇਸ ਧਰਤੀ ਤੇ ਅੱਜ ਤੋਂ ਪੂਰੇ ਦੋ ਸੌ ਸਾਲ ਪਹਿਲਾਂ ਹਜ਼ਾਰਾਂ ਸਿੰਘਾਂ ਦਾ ਖ਼ੂਨ ਡੁੱਲ੍ਹਾ ਸੀ। ਪਿੰਡ ਵਿਚ ਇਨ੍ਹਾਂ ਸ਼ਹੀਦਾਂ ਦੀ ਯਦਾ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਸੀ। ਹੁਣ ਸਰਕਾਰ ਨੇ ਇਥੇ ਇਕ ਸ਼ਹੀਦੀ ਯਾਦਗਾਰ ਬਣਾ ਦਿੱਤੀ ਹੈ।

**– ਸਿੱਖ ਇਤਿਹਾਸ ਦੇ ਖ਼ੂਨੀ ਪੱਤਰੇ** 'ਚੋਂ

## ਪ੍ਰਾਰਥਨਾ

ਤੇ ਉਸ ਦੀ ਸੇਵਾ ਵਿਚ ਪ੍ਰਾਰਥਨਾ ਕਰਨੀ, ਮਨ ਨੂੰ ਕਿੱਡੇ ਸ਼ਾਂਤਦਾਇਕ ਹਨ। ਦੁੱਖ, ਸੰਕਟ, ਕਸ਼ਟ ਕੁਝ ਬੀ ਦੁਖਦਾਈ ਨਹੀਂ ਭਾਸਦੇ। ਕਦੀ ਕਿਸੇ ਮਨਮਤੀਏ ਦੀ ਇਸ ਗੱਲ ਪੁਰ ਨਾ ਪਤੀਆ ਕਰੋ ਕਿ "ਪ੍ਰਾਰਥਨਾ ਕਰਨੀ ਵਿਅਰਥ ਹੈ", ਸਦਾ ਇਸ ਗੱਲ ਨੂੰ ਚੇਤੇ ਰਖੋ ਕਿ ਰੱਬ ਸਾਡਾ ਦਇਆਲੂ ਪਿਤਾ ਹੈ ਤੇ ਅਸੀਂ ਭੁੱਲਣਹਾਰ ਪੁਤ੍ਰ ਹਾਂ:-

**ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥**
**ਕਰਿ ਉਪਦੇਸੁ ਝਿੜਕੇ ਬਹੁਭਾਤੀ ਬਹੁੜਿ ਪਿਤਾ ਗਲਿ ਲਾਵੈ॥**

(ਸੋਰਠ ਮ: ੫, ਅੰਗ ੬੨੪)

ਪਰਮੇਸ਼ੁਰ ਸਾਡੇ ਨਾਲ ਪ੍ਰੇਮ ਕਰਦਾ ਹੈ ਅਰ ਉਸ ਨੂੰ ਪ੍ਰਾਪਤ ਕਰਨ ਦੀ ਕੁੰਜੀ ਬੀ ਉਸ ਨਾਲ ਪ੍ਰੇਮ ਕਰਨਾ ਹੈ। ਦਸਮ ਗੁਰੂ ਜੀ ਦਾ ਵਾਕ ਹੈ:-

**ਸਾਚੁ ਕਹੌਂ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ॥** (ਪਾ-੧੦)

ਇਹ ਦੁਨੀਆ ਥੋੜੇ ਦਿਨ ਹੈ, ਅੰਤ ਨੂੰ ਪਰਮੇਸ਼ੁਰ ਦੀ ਦਰਗਾਹੇ ਚਲਣਾ ਹੈ, ਜਿਥੇ ਭਲੇ ਬੁਰੇ ਕੰਮਾਂ ਦਾ ਨਿਸਤਾਰਾ ਹੋਣਾ ਹੈ। ਜਾਂ ਸਦਾ ਦੀ ਖੁਸ਼ੀ ਜਾਂ ਚੁਰਾਸੀ ਲੱਖ ਜੂਨ ਦਾ ਨਰਕ। ਤਾਂ ਤੇ ਭਲਾ ਇਹ ਹੈ ਕਿ ਉਸ ਪਾਪੀ ਵਾਂਗੂ ਇਸੇ ਜਗਤ ਵਿਚ ਪਿਤਾ ਥੋਂ ਪਾਪ ਬਖਸ਼ਾ ਕੇ ਕੁਝ ਭਜਨ ਰੂਪੀ ਖੇਪ ਲੱਦ ਲਓ। ਜਗਤ ਦਾ ਵਿਹਾਰ ਸ਼ੁੱਧ ਰਖੋ ਤੇ ਮਨ ਕਰਤਾਰ ਵਲ ਰੱਖੋ ਅਰ ਸਦੀਵ ਇਹ ਪ੍ਰਾਰਥਨਾ ਕਰੋ:-


**ਬਿਲਾਵਲੁ ਮਹਲਾ ੫॥**
**ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥**
**ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥੧॥**
**ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥**
**ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ॥੧॥ਰਹਾਉ॥**

(ਅੰਗ-੮੦੯)

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# 'ਪੀੜਾ-ਹਰਨ' ਦਾਤਾ




ਇਕ ਪ੍ਰਸਿਧ ਪੱਛਮੀ ਲੇਖਕ ਨੇ ਇਕ ਕਹਾਣੀ ਲਿਖੀ ਹੈ, ਜਿਸਦਾ ਸੰਖੇਪ ਭਾਵ ਇਹ ਹੈ ਕਿ ਸ੍ਰੀ ਈਸਾ ਜੀ ਨੇ ਇਕ ਕੋੜ੍ਹੀ ਨੂੰ ਰਾਜ਼ੀ ਕਰ ਦਿਤਾ, ਸਮੇਂ ਬਾਦ ਓਹ ਦੇਖਣ ਗਏ ਕਿ ਉਹ ਕੋਹੜੀ ਹੁਣ ਕੀਹ ਕਰ ਰਿਹਾ ਹੈ ? ਤਾਂ ਓਹ ਕੀ ਦੇਖਦੇ ਹਨ ਕਿ ਉਹ ਇਕ ਸੁੰਦਰ ਮਕਾਨ ਵਿਚ ਬੈਠਾ ਸ਼ਰਾਬ ਪੀ ਰਿਹਾ ਤੇ ਵਿਕਾਰ ਕਮਾ ਰਿਹਾ ਹੈ। ਤਾਂ ਉਨ੍ਹਾਂ ਨੇ ਪੁੱਛਿਆ ਭਾਈ ਕੀ ਤੂੰ ਓਹੋ ਕੋਹੜੀ ਹੈਂ ? ਉਸਨੇ ਚਰਨ ਪਕੜੇ ਤੇ ਕਿਹਾ ਹਾਂ ਰੱਬੀ ! ਮੈਂ ਉਹੋ ਹਾਂ ਜਿਸਨੂੰ ਤੁਸਾਂ ਰਾਜ਼ੀ ਕੀਤਾ ਸੀ। ਓਹ ਕਹਣ ਲਗੇ ਭਾਈ ਇਹ ਤੂੰ ਕੀਹ ਕਰਮ ਕਰ ਰਿਹਾ ਹੈਂ? ਉਸਨੇ ਕਿਹਾ ਫੇਰ ਪ੍ਰਭੂ ਜੀ ਮੈਂ ਹੋਰ ਕੀ ਕਰਦਾ ਤੇ ਕੀਹ ਕਰਾਂ ? ਇਸ ਲਈ ਗੁਰੂ ਆਦਰਸ਼ ਨੇ ਸਿਖਲਾਇਆ ਹੈ ਕਿ ਜਿਵੇਂ ਖੋਤੇ ਦੀ ਪਿਛਾੜੀ ਤਾਂ ਖੁਹਲੀਦੀ ਹੈ ਜੇ ਉਸਨੂੰ ਪਹਿਲੇ ਲੱਦ ਲਈਏ, ਨਹੀਂ ਤਾਂ ਸੁਆਹ ਵਿਚ ਲੇਟਦਾ ਹੈ ਤੇ ਉਡਾਕੇ ਦੂਸਰਿਆਂ ਦੇ ਸਿਰ ਪਾਉਂਦਾ ਹੈ। ਸੋ ਜੋ ਪਹਿਲਾਂ ਆਪ ਉੱਚ ਜੀਵਨ ਵਾਲਾ ਹੋ ਗਿਆ ਹੈ ਉਹ ਦੂਸਰਿਆਂ ਦੇ ਦੁਖ ਦੂਰ ਕਰਨ ਵਿਚ ਸਹਾਇਤਾ ਬੀ ਕਰੇਗਾ ਤੇ ਉਨ੍ਹਾਂ ਨੂੰ ਉੱਚ ਜੀਵਨ ਦੀ ਮਤ ਬੀ ਦੇਵੇਗਾ, ਨਹੀਂ ਤਾਂ ਡਰ ਹੈ ਕਿ ਆਪ ਬੀ ਅੱਕ ਥੱਕ ਜਾਵੇਂਗਾ ਤੇ ਦੁੱਖ ਦੂਰ ਕਰਕੇ ਖੁਦਗਰਜ਼ਾਂ ਦੀਆਂ ਪਿਛਾੜੀਆਂ ਹੀ ਕਈ ਵੇਰ ਖੁਹਲੇਗਾ, ਜੋ ਖੇਹਾਂ ਉਡਾਉਣਗੇ। ਇਹ ਗਲਾਂ ਸਦਾ ਨਹੀਂ ਹੁੰਦੀਆਂ ਮੈਂ ਜੋ ਕਹਿ ਰਿਹਾ ਹਾਂ ਅਕਸਰ ਹੋਣ ਵਾਲੀਆਂ ਕਹਿ ਰਿਹਾ ਹਾਂ। ਹਾਂ ਦਾਰੂ ਕਰੀਦਾ ਹੈ ਤਾਂ ਸਰਬਥਾ ਕਰੀਦਾ ਹੈ, ਸੋ ਉਪਕਾਰੀ ਨੂੰ ਸਿੱਖਿਆ ਦਾਤਾ ਬੀ ਹੋਣਾ ਚਾਹੀਦਾ ਹੈ।

6.

ਜਿਸ ਵੱਡੇ ਪੱਥਰ ਤੇ ਬੈਠੇ ਸੰਤ ਗੱਲਾਂ ਕਰ ਰਹੇ ਸਨ, ਉਸ ਦੇ ਪਿੱਛੇ ਇਕ ਹੋਰ ਉੱਚਾ ਚਿਟਾਨ ਜਿਹਾ ਸੀ, ਇਸ ਦੇ ਨਾਲ ਇਕ ਬੰਗਾਲੀ ਸੰਤ ਬੈਠੇ ਸਨ, ਉਹ ਸੰਤਾਂ ਦੀ ਵਾਰਤਾਲਾਪ ਸੁਣਦੇ ਰਹੇ ਸਨ। ਜੀਵਨ ਮੁਕਤੀ ਵਾਲੇ ਸੰਤ ਦਾ ਫੇਰ ਜਗਤ ਵਿਚ ਆ ਕੇ ਵੱਸਣਾ ਤੇ ਪਰਉਪਕਾਰ ਕਰਨਾ ਸੁਣਕੇ ਅਚਰਜ ਹੋ ਰਹੇ ਸਨ। ਉਹ ਹੁਣ ਓਥੋਂ ਉਠਕੇ ਸਨਮੁਖ ਆ ਗਏ ਤੇ ਨਮਸਕਾਰ ਕਰਕੇ ਬਹਿ ਗਏ, ਆਖਣ ਲੱਗੇ: ਜੋ ਆਪ ਦੀ ਗੁਫਤਗੂ ਵਿਚ ਦਖ਼ਲ ਦੇਣਾ ਬੇਅਦਬੀ ਨਾ ਹੋਵੇ ਤਾਂ ਮੈਂ ਕੁਝ ਪੁੱਛਣਾ ਚਾਹੁੰਦਾ ਹਾਂ ਕਿ ਜੀਵਨ ਮੁਕਤ ਦਾ ਰਸ ਕੀਹ ਤੇ ਜਗਤ ਦੇ ਬਖੇੜੇ ਕੀਹ? ਮੈਂ ਹੁਣ ਇਸ ਥਾਂ ਤੋਂ ਦੋ ਸੌ ਕੋਹ ਉਪਰ ਪਹਾੜ ਵਿਚ ਇਕਾਂਤ ਦੋ ਸਾਲ ਕੱਟ ਕੇ ਆਇਆ ਹਾਂ। ਇਹੋ ਜਿਹਾ ਰਸ ਪਰਵਿਰਤੀ ਵਿਚ ਕਿੱਥੇ ਹੈ ਜੋ ਇਕਾਂਤ ਵਿਚ ਦੇਖਿਆ ਹੈ। ਆਪ ਕਹਿ ਰਹੇ ਹੋ ਕਿ ਜੀਵਨ ਮੁਕਤੀ ਵਾਲਾ ਭੀ ਹੋਵੇ ਤੇ ਆਪਣੇ ਹੀ ਨਹੀਂ, ਸਗੋਂ ਜਗਤ ਦੇ ਬਖੇੜੇ ਸਹੇੜ ਕੇ ਫੇਰ ਸੁਖੀ ਹੋ ਰਹੇ। ਇਹ ਪ੍ਰਕਾਰ ਕਿਵੇਂ ਹੈ?

**ਸੰਤ**– ਗਲ ਤਾਂ ਕੁਛ ਇਵੇਂ ਹੈ, ਪਰ ਇਥੇ ਜੋ ਗਲ ਹੁਣ ਹੋ ਰਹੀ ਹੈ ਇਸਤੋਂ ਉਲਟਵੇਂ ਰੁਖ ਤੋਂ ਹੋ ਰਹੀ ਹੈ। 'ਜੀਵਨ ਮੁਕਤਿ ਪਰਵਿਰਤੀ ਕਰੇ' ਇਉਂ ਨਹੀਂ, ਪਰ ਗਲ ਇਸ ਵੇਲੇ ਹੋ ਰਹੀ ਹੈ ਕਿ ਜਗਤ ਦੇ ਉਪਕਾਰੀ ਜੋ ਪਰਮੇਸੁਰ ਵਿਚ ਨੇਸ਼ਟਾ ਭਗਤੀ ਧਾਰੇ ਬਿਨਾਂ ਅਰਥਾਤ ਆਪ ਆਪਣੇ 'ਨੇਕੀ ਕੁੱਲ ਦੇ ਬ੍ਰਿਛ' ਪਰਮਾਤਮ ਦੇਵ ਦੀ ਛਾਉਂ ਪ੍ਰਾਪਤ ਕੀਤੇ ਬਿਨਾ ਜਗਤ ਦਾ ਉਪਕਾਰ ਕਰਦੇ ਹਨ, ਉਹਨਾਂ ਨੂੰ ਘਬਰਾ, ਉਦਾਸੀ, ਕਈ ਵੇਰ ਉਪਕਾਰ ਦਾ ਤਜਾਗ ਯਾ ਇਸ ਵਿਚ ਗਿਲਾਨੀ ਪ੍ਰਾਪਤ ਹੁੰਦੀ ਹੈ। ਇਸ ਲਈ ਉਪਕਾਰ ਦੀ ਭਾਵਨਾ ਵਾਲੇ ਨੂੰ ਲੋੜੀਂਦਾ ਹੈ ਕਿ ਸਾਂਈਂ ਵਿਚ ਆਪਣਾ ਧ੍ਰੁਵਾ ਗੱਡ ਕੇ, ਉੱਚ ਜੀਵਨ ਦਾ ਆਦਰਸ਼ ਬਣਾ ਕੇ ਜਗਤ ਦਾ ਉਪਕਾਰ ਕਰੇ। ਜਿਸ ਦੇ ਅੰਦਰ ਕੋਈ ਉੱਚਾ ਸੁੱਚਾ ਤੇ ਸੱਚੇ ਆਦਰਸ਼ ਦਾ ਆਸਰਾ ਨਹੀਂ, ਉਹ ਕਈ ਵੇਰ ਨਿਰਾਸਤਾ ਨੂੰ ਪਹੁੰਚਦਾ ਹੈ ਜਦੋਂ ਕਿ ਉਪਕਾਰ ਕਰਦਿਆਂ ਠੁਹਕਰਾਂ ਤੇ ਉਖੇੜਾਂ ਲਗਦੀਆਂ ਹਨ ਤੇ ਇਸ ਗਲ ਦਾ ਜਗਤ ਇਤਿਹਾਸ ਉਗਾਹ ਹੈ ਕਿ ਉਪਕਾਰ ਕਰਨ ਵਾਲੇ ਨਾਲ ਜਗਤ ਨੇ ਅਕਸਰ ਅਪਕਾਰ ਹੀ ਕੀਤਾ ਹੈ। ਦੂਸਰੇ ਪਾਸੇ ਇਤਿਹਾਸ ਤੇ ਤਜਰਬਾ ਦੱਸਦਾ ਹੈ ਕਿ ਗਜਾਨਹੀਨ ਉਪਕਾਰੀ ਉਪਕਾਰ ਵਿਚ ਗ਼ਲਤੀਆਂ ਖਾਂਦੇ ਤੇ ਅਣਜਾਣੇ ਅਪਕਾਰ ਕਰ ਬੈਠਦੇ ਹਨ। ਸਗੋਂ ਅਕਸਰ ਵੇਰ ਪ੍ਰਬੁੱਧ ਹੋਏ ਬਿਨਾਂ ਉਪਕਾਰ ਕਰਨ ਵਾਲੇ ਆਪਣੀ ਹਉਮੈ ਨੂੰ ਹੀ ਪੱਠੇ ਪਾਉਂਦੇ ਹਨ, ਉਨ੍ਹਾਂ ਦੇ ਉਪਕਾਰ ਉਨ੍ਹਾਂ ਦੇ ਅਹੰਕਾਰ ਤੇ ਮਨ ਦੇ ਅਭਿਮਾਨ ਤੋਂ ਹੁੰਦੇ ਹਨ, ਇਸ ਕਰਕੇ ਓਹ ਉਨ੍ਹਾਂ ਦੇ ਆਪਣੇ ਲਈ ਬੀ ਹਾਨੀਕਾਰਕ ਹੋ ਜਾਂਦੇ ਹਨ। ਫਿਰ ਦੇਖਿਆ ਗਿਆ ਹੈ ਕਿ ਰਿਆਕਾਰ (ਛਲ ਕਰਨ ਵਾਲੇ) ਲੋਕ ਉਪਕਾਰ ਨੂੰ ਆਪਣੇ ਮਾੜੇ ਕਰਮਾਂ ਦੀ ਚਾਦਰ ਬੀ ਬਣਾਉਂਦੇ ਹਨ। ਦੇਖਣੇ ਵਿਚ ਆਇਆ ਹੈ ਕਿ 'ਕੇਵਲ ਇਖ਼ਲਾਕੀ ਆਚਰਨ ਬਨਾਓ ਤੇ ਇਨਸਾਨ ਨਾਲ ਹਮਦਰਦੀ ਕਰੋ' ਐਸਾ ਉਪਦੇਸ਼ ਦੇਣ ਵਾਲੇ ਆਪ ਮਹਾਨ ਸੁਾਰਥੀ ਹੁੰਦੇ ਹਨ ਤੇ ਇਸ ਪਰਦੇ ਹੇਠ ਦੁਕਾਨਾਂ ਟੋਰਦੇ ਹਨ ਤੇ ਇਸ ਕਰ ਕੇ ਦਾਨਿਆਂ ਨੇ ਕਿਹਾ ਹੈ ਕਿ ਉਪਕਾਰੀ ਵਿਚ ਬਹੁਤ ਸਾਰੀ ਅਕਲ ਦੀ ਲੋੜ ਹੈ, ਪਰ ਗੁਰਮਤਿ ਦਾ ਵੀਚਾਰ ਇਹ ਹੈ ਕਿ ਉਪਕਾਰੀ ਪੁਰਖ ਐਸਾ ਉੱਚ ਆਚਰਣੀਯ ਲੋੜੀਂਦਾ ਹੈ, ਜੋ ਅੰਤ੍ਰੀਵ ਹਉਮੈ ਨੂੰ ਸਮਝਦਾ ਹੋਵੇ ਤੇ ਬਹਰੰਗ ਹਉਮੈ-ਖੁਦਗਰਜ਼ੀ-ਦੇ ਹੱਥੋਂ ਛੁਟ ਚੁਕਾ ਹੋਵੇ। ਇਹ ਗਲ ਉਸ ਨੂੰ ਪ੍ਰਾਪਤ ਤਾਂ ਹੁੰਦੀ ਹੈ ਜੋ ਪਰਮੇਸ਼ਰ ਤੇ ਟਿਕਦਾ ਹੈ। ਜੋ ਆਪਣੇ ਕਰਮ ਉਸ ਨੂੰ ਅਰਪਦਾ ਹੈ, ਉਸ ਪ੍ਰੇਮ ਰੂਪ ਪਰਮੇਸੁਰ ਦੀ ਟੇਕ ਵਾਲੇ ਵਿਚ ਪ੍ਰੇਮ ਹੁੰਦਾ ਹੈ, ਜਿਸ ਕਰਕੇ ਉਹ ਉਮਾਹੂ ਹਮਦਰਦੀ ਵਿਚ ਹੁੰਦਾ ਹੈ। ਉਸ ਦਾ ਮਨ ਪ੍ਰਬੁੱਧ ਹੁੰਦਾ ਹੈ ਇਸ ਕਰਕੇ ਉਹ ਸਮਝਕੇ ਨੇਕੀ ਕਰਦਾ ਹੈ, ਜੋ ਨੇਕੀ ਕਿ ਨੇਕੀ ਦਾ ਫਲ ਲਿਆਵੇ। ਉਹ ਆਪਣੇ ਪ੍ਰਬੁੱਧ ਮਨ ਨੂੰ ਬੀ ਵਾਹਿਗੁਰੂ ਜੀ ਦੀ ਰਾਖੀ ਵਿਚ ਟੋਰਦਾ ਹੈ ਜੋ ਉਸ ਨੂੰ ਸ਼ੁਭ ਕੰਮਾਂ ਵਿਚ ਪਰਮਾਤਮ ਦੇਵ ਦੀ ਰਾਹਨੁਮਾਈ ਤੇ ਅਨੁਗ੍ਰਹ ਦੀ ਸਹਾਇਤਾ ਮਿਲਦੀ ਰਹੇ, ਉਸ ਦੀ ਨੇਕੀ ਮੰਗਤਪੁਣਾ ਨਾ ਵਧਾਵੇ, ਨਾ ਦਲਿਦਰ ਤੇ ਪਾਪ ਵਲ ਰੁਚੀ ਦੁਆਵੇ, ਨਾ ਕੱਚੇ ਕੁਸ਼ਾਮਤੀਆਂ ਦੀ ਭੀੜ ਦੁਆਲੇ ਕੱਠੀ ਕਰ ਦੇਵੇ, ਨਾ ਅਪਣੇ ਵਿਚ ਹੰਕਾਰ ਕਿ ਲੋਕਾਂ ਤੋਂ ਗਿਲਾਨੀ ਪੈਦਾ ਕਰੇ।

ਹੁਣ ਇਸ ਗੱਲ ਨੂੰ ਜਦ ਉਲਟਾਓਗੇ, ਸੰਤ ਜੀ ! ਤਾਂ ਦੇਖੋਗੇ ਕਿ ਮੈਂ ਕਹਿ ਰਿਹਾ ਹਾਂ ਕਿ ਜੀਵਨ ਮੁਕਤ ਲੋਕਾਂ ਨੂੰ ਉਪਕਾਰ ਕਰਨਾ ਚਾਹੀਦਾ ਹੈ। ਓਨ੍ਹਾਂ ਦਾ ਅਲੱਗ ਹੋ ਬਹਿਣਾ ਗੁਰੂ ਘਰ ਵਿਚ ਪਰਵਾਨ ਨਹੀਂ। ਇੱਥੇ ਕਿਆ ਸਾਧੂ, ਕਿਆ ਗ੍ਰਿਹਸਤੀ, ਜੋ ਜੋ ਗੁਰੂ ਗਜਾਨ ਨਾਲ ਪ੍ਰਬੁੱਧ ਹੋਵੇ, ਉਸ ਦਾ ਫਰਜ਼ ਹੁੰਦਾ ਹੈ ਕਿ ਉਹ ਦਾਤਾ ਹੋ ਵਰਤੇ, ਓਹ ਵੱਡੇ,

ਓਹ ਦੇਵੇ, ਕਿਉਂਕਿ ਓਹੋ ਦੇਣ ਨੂੰ ਸਮਰੱਥ ਹੈ ਤੇ ਓਸੇ ਪਾਸ ਦਰੁਸਤੀ ਨਾਲ ਦੇਣ ਦਾ ਚਾਨਣ ਹੈ।

**ਬੰਗਾਲੀ ਸੰਤ**- ਬਹੁਤ ਖ਼ੂਬ।ਪਰ ਇਹ ਸਤਜ ਹੈ ਕਿ ਅੰਦਰੋਂ ਹਉਂ ਨੂੰ ਸਮਝਕੇ ਪਰਮਾਤਮ ਦੇਵ ਨੂੰ ਅਨੁਭਵ ਕਰਕੇ ਹੀ ਆਪਣੇ 'ਅਸਲ ਆਪੇ' ਦੀ ਤੇ ਜਗਤ ਨਾਲ ਸਾਡਾ ਕੀਹ ਸੰਬੰਧ ਹੈ, ਦੀ ਸੋਝੀ ਆਉਂਦੀ ਹੈ, ਇਹ ਸੋਝੀ ਜੋ ਉਪਕਾਰ ਕਰਾਵੇ ਉਹੀ ਠੀਕ ਓਪਕਾਰ ਹੋ ਸਕਦਾ ਹੈ ਤੇ ਇਹੋ ਸੋਝੀ ਉਪਕਾਰ ਕਰਨ ਲਈ ਤੰਦਰੁਸਤ ਤੇ ਅਰੋਗ ਇਛਾ ਉਤਪਤ ਕਰਦੀ ਹੈ।ਸੋ ਆਪ ਨੇ ਜੋ ਤੁਕ ਪੜ੍ਹੀ ਸੀ ਬਹੁਤ ਦਰੁਸਤ ਹੈ-'ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।' ਪਰ ਮੇਰੀ ਇਕ ਆਸ਼ੰਕਾ ਹੈ ਕਿ ਕਿਆ ਜੀਵਨ ਮੁਕਤੀ ਦਾ ਆਨੰਦ ਪਰਉਪਕਾਰ ਦੀਆਂ ਮੁਸ਼ਕਲਾਂ ਵਿਚ ਸੰਭਵ ਹੈ?

**ਸੰਤ**- ਜੀਓ, ਗੁਰਮਤ ਵਿਚ ਇਸ ਦਾ ਇਕ ਦਾਰੂ ਲਿਖਿਆ ਹੈ। ਉਹ ਹੈ 'ਹੁਕਮ ਦੀ ਸਿਆਣ।' ਜੇ ਇਹ ਜੀਵਨ ਮੁਕਤੀ ਦੇ ਰਸ ਨੂੰ ਆਪਣਾ ਜਾਣਕੇ ਲਗ ਰਿਹਾ ਹੈ ਤਾਂ ਅਜੇ ਬੀ ਕਿਸੇ ਲੇਸ਼ ਮਾਤ੍ਰ ਹਉਂ ਵਿਚ ਹੀ ਹੈ। ਜੇ ਹੁਕਮ ਪਛਾਣੇ ਤਾਂ ਹਉਂ ਦਾ ਪ੍ਰਭਾਵ ਸਾਰਾ ਦੂਰੀ ਤੇ ਜਾ ਖਲੋਂਦਾ ਹੈ : 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।' ਜੇ ਸਾਧਕ ਨੂੰ ਸਮਾਂ ਜੀਵਨ ਮੁਕਤੀ ਦੇ ਰਸ ਲੈਣ ਦਾ ਮਿਲ ਗਿਆ ਤਾਂ ਹੁਕਮ ਪਛਾਣੇ, ਜੈਸਾ ਕਿ ਆਪ ਦੋ ਬਰਸ ਏਕਾਂਤ ਰਹਿਕੇ ਰਸ ਲੈ ਆਏ ਹੋ। ਅੱਜ ਅਚਾਨਕ ਆਪ ਇਸ ਨਿਰਜਨ ਥਾਂਵੇਂ ਟਿਕ ਰਹੇ ਸਾਓ, ਸਾਡਾ ਕੋਈ ਕੰਮ ਨਹੀਂ ਸੀ ਏਥੇ, ਭਾਣੇ ਵਿਚ ਗਲੇ ਆ ਪਈ ਮਾਇਆ ਨੂੰ ਸਫਲ ਕਰਨੇ ਨਮਿਤ ਏਧਰ ਆ ਗਏ। ਇਹ ਸਿੰਘ ਜੀ ਬਿਨਾ ਜਾਣੇ ਕਿ ਅਸੀਂ ਕਿਥੇ ਹਾਂ, ਇਧਰੇ ਪ੍ਰੇਰੇ ਆ ਗਏ, ਸਾਡੀ ਵਾਰਤਾਲਾਪ ਆਪਦੇ ਨੇੜੇ ਹੋ ਪਈ, ਆਪ ਸੁਣਕੇ ਖੁਸ਼ੀ ਹੋਏ ਹੋ, ਹੁਣ ਸ਼ਾਇਦ ਆਪ ਲਈ ਹੁਕਮ ਹੈ ਕਿ ਜਗਤ ਦਾ ਉਪਕਾਰ ਕਰੋ। ਸੋ ਜੇ ਆਪ ਨੂੰ ਚਾਉ ਹੋ ਆਵੇ ਤਾਂ ਆਪ ਹੁਕਮ ਸਮਝ ਕੇ ਕਰੋ। ਸਾਧੂ ਨੂੰ ਲੋੜੀਏ ਇਹ ਸਮਝ- ਦੁਖ ਆਵੈ ਹੁਕਮ, ਸੁਖ ਆਵੇ ਹੁਕਮ। ਜਦ ਫੇਰ ਇਕਾਂਤ ਦੀ ਆਗਿਆ ਆਵੇ, ਇਕਾਂਤ ਹੋ ਕੇ ਆਪਣੇ ਅੰਦਰ ਨੂੰ ਸੁਖੀ ਸੁਰਜੀਤ ਕਰ ਲਵੇ। ਸੋ ਤੁਸੀਂ ਜੇ ਚਾਹੋ ਤਾਂ ਜਗਤ ਵਿਚ ਸੇਵਾ ਕਰਦਿਆਂ ਯਾਦ ਵਿਚ ਵੱਸੋ, ਵਿਚ ਵਿਚ ਜੋ ਸਮੇਂ ਵਧੇਰੇ ਮਿਲਦੇ ਹਨ ਸਾਂਈਂ ਯਾਦ ਵਿਚ ਲਾਓ। ਜਦੋਂ ਕੋਈ ਕੰਮ ਮੁੱਕਾ, ਜਾਤਾ ਹੁਕਮ ਬੀ ਭੁਗਤ ਗਿਆ, ਹੁਣ ਲਓ ਆਪਣੇ ਆਪੇ ਵਿਚ ਟਿਕਣ ਦਾ ਰਸ। ਜਦੋਂ ਐਨ ਰਸ ਮੱਤੇ ਵਿਚ ਜਗਤ ਪੀੜਾ ਹਰਨ ਦੀ ਆਈ ਝੀਣੀ ਆਵਾਜ਼, ਨਾ ਸਮਝੋ ਕਿ ਹਾਇ ਦੁੱਖ ਆ ਗਿਆ, ਮੇਰਾ ਸੁਖ ਚੱਲਿਆ; ਉਸ ਵੇਲੇ ਸਮਝੋ ਹੁਕਮ ਆਇਆ ਹੈ, ਉਹ ਕੰਮ ਦੁਖ ਹਰਨ ਦਾ ਹੁਕਮ ਵਿਚ ਕਰੋ, ਕਰਕੇ ਅਰਪਨ ਕਰੋ ਹੁਕਮੀ ਨੂੰ। ਆਪ ਅੰਦਰ ਸੰਸਕਾਰ ਮਾਤ੍ਰ ਨਾ ਰੱਖੋ। ਉਪਕਾਰ ਵਿਚ ਸਭ ਜਾਰੀ ਹੋ ਪਏ ਸੰਕਲਪ ਧੋ ਕੇ ਨਿਜਾਨੰਦ ਵਿਚ ਸਾਂਈਂ ਪਿਆਰ ਵਿਚ, ਜੁੜ ਜਾਓ। ਗਜਾਨਵਾਨ ਲਈ ਸਿਮਰਨ ਦਾ ਇਹੋ ਫਲ ਹੈ ਕਿ ਸਿਮਰਨ ਉਸਦੇ ਆਨੰਦ ਦੀ ਬਾਧਾ ਨਹੀਂ ਹੋਣ ਦੇਂਦਾ ਤੇ ਹੁਕਮ ਵਿਚ ਸੋਝੀ ਦੇਈ ਰੱਖਦਾ ਹੈ।

**ਬੰਗਾਲੀ ਸੰਤ** (ਠੰਢਾ ਸਾਹ ਲੈ ਕੇ)- ਬਹੁਤ ਖ਼ੂਬ। ਹੁਕਮ ਦਾ ਧ੍ਰੁਵਾ ਗੁਰੂ ਨਾਨਕ ਦਾ ਸਾਧੂ ਲਈ ਬਹੁਤ ਅੱਛਾ ਹੈ। ਮੈਂ ਗੁਰੂ ਨਾਨਕ ਦਾ ਯਸ਼ ਬਹੁਤ ਸੁਣਿਆ ਹੈ। ਕਦੇ ਕਦੇ ਕੋਈ ਉਨ੍ਹਾਂ ਦੇ ਸੰਗੀਤ ਭੀ ਸੁਣੇ ਸਨ ਪਰ ਮਾਰਗ ਦਾ ਮੈਂ ਵਾਕਫ ਨਹੀਂ। ਨਾਂ ਉਨ੍ਹਾਂ ਦੇ ਜੀਵਨ ਦਾ ਜਾਣੂ ਹਾਂ। ਕੀਹ ਅਮਲੀ ਤੌਰ ਤੇ ਵੇਖ ਸਕਨ ਲਈ ਮੈਨੂੰ ਕੋਈ ਵਾਕਿਆ ਦੱਸ ਸਕਦੇ ਹੋ ਕਿ ਜੀਵਨ ਮੁਕਤੀ ਦੇ ਰਸ ਵਿਚ ਹੁੰਦਿਆਂ, ਜਗਤ ਦਾ ਉਪਕਾਰ ਅਮਲ ਵਿਚ ਆਉਂਦਾ ਹੈ ਅਰ ਉਹ ਪ੍ਰਬੁੱਧਤਾ ਦੀ ਰੌਸ਼ਨੀ ਵਿਚ ਭੀ ਟੁਰਦਾ ਹੁੰਦਾ ਹੈ।

**ਸੰਤ**- ਕਈ ਹਨ, ਪਰ ਇਕ ਨਿੱਕਾ ਜਿਹਾ ਇਕ ਗ੍ਰਿਹਸਤੀ ਨੌਜਵਾਨ ਸਿੱਖ ਦਾ ਦੱਸਦਾ ਹਾਂ: ਅੱਜ ਤੋਂ ਢੇਰ ਪਹਿਲਾਂ ਜਦੋਂ ਅੰਮ੍ਰਿਤਸਰ ਵਿਚ ਬਿਜਲੀ ਨਹੀਂ ਸੀ, ਨਾ ਪਾਣੀ ਦੇ ਨਲਕੇ ਸਨ, ਸ਼ਹਿਰ ਦੇ ਇਕ ਕਾਰਖਾਨੇ ਨੂੰ ਅੱਗ ਲੱਗ ਗਈ। ਰਾਤ ਦੇ ਦੋ ਕੁ ਵਜੇ ਸਨ, ਇਕ ਨੌਜਵਾਨ ਸਿਖ ਤ੍ਰਿਪਹਿਰੇ ਵਜੇ ਦਰਬਾਰ ਸਾਹਿਬ ਕੀਰਤਨ ਦਾ ਆਨੰਦ ਲੈਣ ਆਇਆ ਕਰਦਾ ਸੀ। ਉਹ ਜਦ ਤ੍ਰਿਪਹਿਰੇ ਵੇਲੇ ਜਾਗਿਆ ਤਾਂ ਉਸਨੇ ਅਕਾਸ਼ ਵਿਚ ਪ੍ਰਕਾਸ਼ ਡਿੱਠਾ ਤੇ ਅਨੁਮਾਨ ਲਾਇਆ ਕਿ ਅੱਗ ਲੱਗ ਰਹੀ ਹੈ। ਸਮਝਿਆ ਕਿ ਕੀਰਤਨ ਦੀ ਥਾਂ ਏਥੇ ਜਾਣੇ ਦੀ ਆਗਿਆ ਹੈ, ਸੋ ਝਟ ਪਟ ਓਥੇ ਪਹੁੰਚ ਗਿਆ। ਤਦੋਂ ਕਾਰਖਾਨੇ ਨੂੰ ਬਚਾਉਣ ਵਾਸਤੇ ਅੱਗ ਬੁਝਾਉਣ ਵਾਲੇ ਇੰਜਨ ਪਹੁੰਚੇ ਹੋਏ ਸਨ, ਪੂਰੀ ਵਾਹ ਲੱਗ ਰਹੀ ਸੀ, ਪਰ ਅੱਗ ਨਾਲ ਪੇਸ਼ ਨਹੀਂ ਸੀ ਜਾ ਰਹੀ। ਬਾਜ਼ਾਰ ਨਾਲ ਵਾਰ ਹੋਣ ਕਰਕੇ ਅਗਨੀ ਦਾ ਸੇਕ ਇਧਰ ਰੁੱਖ ਕਰ ਰਿਹਾ ਸੀ ਤੇ ਡਰ ਸੀ ਕਿ ਬਾਜ਼ਾਰ ਦੀਆਂ ਦੁਕਾਨਾਂ ਸੇਕ ਨਾਲ ਹੀ ਬਲ ਪੈਣਗੀਆਂ। ਦੁਕਾਨਦਾਰ ਪਾਣੀ ਦੇ ਡੋਲ ਭਰ ਭਰ ਕੰਧਾਂ ਕੋਠਿਆਂ ਤੋਂ ਉਸ ਪਾਸੇ ਪਾ ਰਹੇ ਸਨ ਕਿ ਸੇਕ ਅਸਰ ਘੱਟ ਕਰੇ। ਇਹ ਨੌਜਵਾਨ ਭੀ ਇਸੇ ਪਾਸੇ ਲੱਗ ਪਿਆ ਕਿ ਗ਼ਰੀਬਾਂ ਦੀਆਂ ਦੁਕਾਨਾ ਬਚਾਉਣ ਵਿਚ ਮੱਦਦ ਕਰੇ। ਬਾਜ਼ਾਰ ਵਿਚੋਂ ਇਕ ਹੰਸਲੀ ਲੰਘਦੀ ਸੀ ਜੋ ਮੋਰੀ ਦਾ ਕੰਮ ਵੀ ਦੇਂਦੀ ਸੀ ਤੇ ਕੌਲਸਰ ਦੇ ਜਲ ਨੂੰ ਬੀ ਕੱਢ ਕੇ ਲੈ ਜਾਇਆ ਕਰਦੀ ਸੀ। ਪਾਣੀ ਦੇ ਖੂਹ ਇੰਜਨਾਂ ਨੇ ਮੱਲੇ ਹੋਏ ਸਨ ਤੇ ਇਸ ਮੋਰੀ ਦਾ ਪਾਣੀ ਹੀ ਸੀ ਜੋ ਹੱਟੀਆਂ ਤੇ ਪਾਇਆ ਜਾ ਰਿਹਾ ਸੀ। ਅਚਾਨਕ ਨੌਜਵਾਨ ਨੂੰ ਸੋਝੀ ਫੁਰੀ ਕਿ ਕੋਈ ਵੱਡਾ ਉਪ੍ਰਾਲਾ ਪਾਣੀ ਦਾ ਹੋਵੇ ਜੋ ਸਾਰੇ ਪਾਣੀ ਪਾਉਣ ਵਾਲਿਆਂ ਦੀ ਮਿਹਨਤ ਸਫਲ ਹੋਵੇ, ਨਹੀਂ ਤਾਂ ਮੋਰੀ ਦਾ ਪਾਣੀ ਮੁੱਕ ਗਿਆ ਹੈ, ਇਕ ਖੂਹ ਨੇ ਇੰਜਨਾਂ ਦੀ ਖੈਂਚ ਨਾਲ ਜਵਾਬ ਦੇ ਦਿਤਾ ਹੈ ਤੇ ਬਾਕੀ ਦੇ ਬੀ ਸ਼ਾਇਦ ਪਾਣੀਓਂ ਟੁੱਟ ਜਾਣ, ਤੇਰਾ ਇਕ ਡੋਲਾ ਪਾਣੀ ਕੀਹ ਸੁਆਰੇਗਾ ? ਕੋਈ ਸਾਂਈਂ ਤੋਂ ਚਾਨਣ ਮੰਗ ਤੇ ਪਾਣੀ ਅਸਗਾਹ ਕਰ ਦੇਹ। ਸਾਂਈਂ ਨੇ ਸੁਮੱਤ ਦਿੱਤੀ, ਇਹ ਨੌਜਵਾਨ ਦੌੜ ਕੇ ਕੌਲਸਰ ਪਹੁੰਚਾ, ਜਿਸਦਾ ਜਲ ਸਾਫ ਕਰਨ ਦੀ ਲੋੜ ਪਵੇ ਤਾਂ ਇਹ ਹੰਸਲੀ ਪਾਣੀ ਖਿੱਚਿਆ ਕਰਦੀ ਸੀ, ਸੋ ਉਸ ਨੇ ਜਾ ਕੇ ਫੱਟੇ ਚੁੱਕ ਦਿੱਤੇ ਤੇ ਸਰੋਵਰ ਦਾ ਜਲ ਹੰਸਲੀ ਵਿਚ ਵਗ ਤੁਰਿਆ। ਥੋੜ੍ਹੇ ਹੀ ਚਿਰ ਵਿਚ ਉਹ ਜਲ ਅਗਨੀ ਵਾਲੀ ਥਾਂ ਪਹੁੰਚਾ, ਜਲ ਅਸਗਾਹ ਆ ਜਾਣ ਕਰ ਕੇ ਸਭ ਡੋਲੇ, ਡੋਲਾਂ, ਬਾਲਟੀਆਂ ਤੇ ਘੜੇ ਭਰ ਭਰ ਪਾਉਣ ਵਾਲਿਆਂ ਦੀ ਮਿਹਨਤ ਸਫਲ ਹੋ ਗਈ। ਸਗੋਂ ਇੰਜਨਾਂ ਨੇ ਭੀ ਆਪਣੀ ਹੋਜ਼ (ਨਾਲੀ) ਇਸ ਹੰਸਲੀ ਵਿਚ ਸੱਟੀ ਤੇ ਆਪਣਾ ਕੰਮ ਸਵਾਯਾ ਕਰ ਲਿਆ। ਥੋੜ੍ਹੇ ਚਿਰ ਬਾਦ ਅੱਗ ਬੁਝ ਗਈ। ਕਾਰਖਾਨੇ ਦਾ ਤਾਂ ਚੋਖਾ ਨੁਕਸਾਨ ਹੋਇਆ, ਪਰ ਬਾਜ਼ਾਰ ਸਾਰਾ ਬਚ ਗਿਆ, ਅਸੀਂ ਭੀ ਤਦੋਂ ਓਥੇ ਸੇ ਤੇ ਇਸ ਟਿਕਾਣੇ ਪਹੁੰਚੇ ਹੋਏ ਸੇ ਤੇ ਇਸ ਨੌਜਵਾਨ ਦੇ ਜਾਣੂ ਸੇ। ਸਾਨੂੰ ਪਤਾ ਸੀ ਕਿ ਜਲ ਨੂੰ ਅਸਗਾਹ ਕਰ ਦੇਣ ਵਾਲੀ ਸੇਵਾ ਇਸ ਨੇ ਕੀਤੀ ਹੈ। ਅਸਾਂ ਉਸਨੂੰ ਪੁੱਛਿਆ ਭਾਈ ਇਹ ਅਕਲ ਕਿੱਥੋਂ ਫੁਰੀ ? ਕਹਿਣ ਲੱਗਾ ਗੁਰੂ ਨਾਨਕ ਦੇਵ ਜੀ ਦੀ ਸੱਜਣ ਠੱਗ ਵਾਲੀ ਸਾਖੀ ਤੋਂ। ਸਾਖੀ ਦਾ ਸਾਨੂੰ ਪਤਾ ਸੀ, ਅਸੀਂ ਅਭਿਪ੍ਰਾਯ ਸਮਝ ਗਏ ਤੇ ਮਨ ਨੂੰ ਕਿਹਾ ਦੇਖ, ਗੁਰੂ ਨਾਨਕ ਦੀ ਹਰ ਗਲ ਵਿਚ, ਹਰ ਕਰਨੀ ਵਿਚ ਅਮਰ ਤੇ ਅਟੱਲ ਉਪਦੇਸ਼ ਹੈ:-

ਗੁਰ ਨਾਨਕ ਕੀ ਬਾਤ ਮੇਂ ਬਾਤ ਬਾਤ ਮੇਂ ਬਾਤ।
ਜਿਉਂ ਮਹਿੰਦੀ ਕੇ ਪਾਤ ਮੇਂ ਪਾਤ ਪਾਤ ਮੇਂ ਪਾਤ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# The Teachings of Sri Guru Tegh Bahadur

❖ **Prof. Puran Singh**

To mark 4th birth centenary of Guru Tegh Bahadur Sahib in April next year, Bhai Vir Singh Sahitya Sadan planned yearlong celebrations in the form of academic programmes and events. But now the time is running out because of the lockdowns due to coronavirus. To begin with we are publishing Prof. Puran Singh's article on Guru Tegh Bahadur Sahib.

From the large volume of *Sri Guru Granth Sahib,* the writings of Guru Tegh Bahadur can be at once recognized, for in them breathes a deep and sweet melancholy of a solemn and serene mind that is tired of the fictions of this seeming world. Guru Tegh Bahadur sees nothing tangible in this world, with which he may make relations of love. He can depend on nothing. He can lean on nothing. Father, mother, friend, brother, wife, offspring, everything in the world is for him too slippery a ground to rest upon. Every object of this world as he approaches it whispers in his ear "I am not," but as the object slips off from his mind, there persists a reality that says "I am" in every "I am not." "Not" goes away, but "I am" remains. The world is "Not," the objects constituting it remain not, but the soul of things is real and that alone persists. In his verses pulsates the Spirit of God-realisation alternating with a spirit of deep renunciation of the Not-God, the world, as if the renunciation of the Not-God and Realisation of God were one and the same thing. Before the joy of his realisation, all the pleasures of senses pale as trembling sorrows, and as the causes of all disappointments and failures.

He looks upon the world with that far-seeing vacant eye with which a mariner, having lost his boat, looks upon the broad sea, seated on a rock in the middle dashed by the waves of the angry sea. The world to him is lost in the constant vision of the higher Reality of its soul. There is an intense spirit beating within his heart, which weeps and cries at the sight of a man who is lost in the tempest of passions and remembers not the glorious life of his beyond this little life and the glorious inheritance of his in ideals of God, Love, and Truth.

He is a high abstraction in the love of God, and whenever a single thought of the world lowers his consciousness from those ethereal heights, he at once sings of God-consciousness and soars again, "Remember thy God, remember thy Lord, this is thy one duty, thy only duty," says he.

Again and again, in his hymns, he reins in his mind and makes it soar high up to the very throne of God. As we read his verses, we realise the non-reality of the



world of senses as the lines open, and without knowing it, we are wafted to the higher regions of Guru Tegh Bahadur's Realisation as we finish them.

The solemn mood of a man which looks upon the world as a dream, when some dear one of his dies, or when he is deserted by all his friends and is alone, or when he is in danger and sees no way of escape, that solemn mood is the habitual mood of Guru Tegh Bahadur. His eyes are always moist with unshed tears. He loved all things too well, to weep on any one single object's death. Therefore, he is sunk in deep melancholy, as every moment to him is the death of thousands of his beloved idols. This, his inner renunciation of the world and its objects, might drive any to raving insanity, to suicide and to death, and the grief at the sight of our dear ones dying every moment would be killing and the life would be a journey from sorrow to greater sorrow, from misery to greater misery; but to Guru Tegh Bahadur this solemn mood is the greatest means of God-realisation. Every death to him is the distinct strike of the bell of time to remind him that it is the time of prayer and of God-contemplation. Every moment is an auspicious moment to him. Every death is a reminder to him of the One Reality that persists. All objects are messages from

God that are only then intelligible when their envelopes are torn and the contents of their seeming life and death are read in the light of the love secrets of God. Every failure with its consequent suffering was to him the whip divine which awakened him to Love's embraces. His eyes were wholly dedicated to the reading of love-messages. His ears heard nothing but God's mysterious sounds. We remember God in our trials and troubles only, and that too but for a moment. He kept the attitude of prayer throughout and kept his mind fixed unwavingly on God alone, whether he was the object of worship by thousands, or an object of ridicule and torture by the Emperor. Equally in weal and in woe, he is balanced in the same Reality. We never find him smiling He is a sigh, a tear, a moan. He weeps not as Buddha wept for seeing misery in the world, but he weeps for the joy that is in himself. He thinks life "a vale of tears,'' not for any amount of physical suffering that it may have to bear, but for not possessing a divine knowledge of tracing itself to its origin, and for its not living in this world from the view-point of God. He is pessimistic, in order that he may enjoy the highest optimism without interruption. He thinks it nothing short of insanity to base our optimism or happiness of life on objects that are transient and perishing. He is sorry because those who think themselves happy by enjoying this transient world, will be shortly sorrow stricken for not knowing the Reality. Guru Tegh Bahadur is in an incessant ecstasy that is weeping in compassion for those who know him not. He is a man of iron will. Nothing can daunt him. For all the wealth of the world, he would not swerve from the path that he thought to be right. His determination to die for rescuing the oppressed Hindus from the claws of tyrannical Moslem rulers was not in the least shaken, even when he was threatened with beheadal.

Some of his exquisite poems, he wrote with charcoal on the walls of the jail where he was incarcerated. His verses are universally liked and are sung in the sweetest tones by crowds of women in the Punjab villages and towns. In Rawalpindi, Peshawar, Pothohar, Hazara, Amritsar, Majha and Malwa. When hundreds of female throats raise the notes that had their birth in the Delhi jail, it is one of the most elevating and charming religious devotion and then one cannot help sharing the Blissful Mood of Guru Tegh Bahadur. No words of mine can describe the charms of this great Guru's poetry. Its sweet sorrow, its deep purpose, its sublime music, elevates man and tones up and repairs his inner heart wherever it may be weak. His poetry casts a spell on the Hindu mind, which soothes him in the most troubled moments of his life, transports him to the Truth and fills him with the love of God even in prosperity. It forms the most valuable asset of the Vedanta philosophy which is so beautifully, realistically and popularly put forth by the out pourings of Guru Tegh Bahadur's realisation. His teachings purport to be a musical assertion of the law of life that World of senses is death, and God is Life. There is nothing Real but God. To live in Him, to Love Him, is the highest aim of Life; the Guru prescribes no other duty.

Why? Because, it is a matter of spiritual experiences that those who wholly trust themselves to the love of God, are served by all powers of Nature. The whole of Nature is anxious to make them comfortable, who live according to the Law that God is the only reality. Duties take care of themselves. The only true fountain, the only true source of success, power and joy and life is God. Guru Tegh Bahadur strikes the fundamental note and wanders not in lengthy speeches to impress it on others. The proof of a fact is that it is always so. Let those who sympathise and agree with Guru Tegh Bahadur that the seeming world is death and it kills man, and also the sorrow-laden sinners come and be refreshed, through his gospel of Truth and real optimism, in the fountain of true and perennial joy. I think his message is un-intelligible to those who still think that there is some pleasure in the world that they have not enjoyed and is worth enjoying. For them, Guru Tegh Bahadur's emphatic assertion that the world breeds sorrow and disappointment, has not yet come home and through larger experience they have yet to agree with him there. I think Guru Tegh Bahadur gives utterance to real, plain-spoken straightforward and blunt truth. Much of the misery for which Buddha wept, and which still exists, will disappear, if people get Guru Tegh Bahadur's view-point to look at the world. When once this inner fact is realised, all goodness and virtues, and their joy man shall have all to himself.

Guru Tegh Bahadur is called by his followers the Ninth King (spiritual), in the line of Guru Nanak. The spirit expressing itself through his life is the same, but the manner of its manifestation in language is all his own and we find not such intensity in the writings of any other Guru.

Poet Burns puts one part of the Guru's teachings in a nutshell:

"Pleasures are like poppies spread,
You seize the flower, its bloom is shed,
Or like the snowfall on the river,
A moment white, then lost for ever,
Or like the Borealis race,
That fits ere you can find its place,
Or like the rainbow's lovely forms,
Vanishing amid the storms."

# ਕੋਵਿਡ-19 ਦਾ ਕਹਿਰ

ਕਰੋਨਾਵਾਇਰਸ ਕੋਵਿਡ-19 ਦੇ ਕਹਿਰ ਤੋਂ ਅੱਜ ਪੂਰੀ ਦੁਨੀਆ ਤ੍ਰਸਤ ਤੇ ਗ੍ਰਸਤ ਹੈ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਇਸ ਬਿਮਾਰੀ ਨੇ ਵਿਸ਼ਵ ਪੱਧਰ ਤੇ ਹੱਲਾ ਬੋਲਿਆ ਹੈ ਤੇ ਵੱਡੇ-ਵੱਡੇ ਦੇਸ਼ ਇਸਦੀ ਚਪੇਟ 'ਚ ਹਨ। ਮੰਨਿਆ ਜਾਂਦਾ ਹੈ ਕਿ ਚੀਨ ਤੋਂ ਸ਼ੁਰੂ ਹੋਈ ਇਸ ਬਿਮਾਰੀ ਦਾ ਪਾਸਾਰ ਪੂਰੇ ਵਿਸ਼ਵ 'ਚ ਹੋਇਆ ਪਰ ਸ਼ੁਰੂਆਤੀ ਦੌਰ 'ਚ ਆਪਣੇ ਕਰੜੇ ਪ੍ਰਬੰਧਾਂ ਕਰਕੇ ਚੀਨ ਹੁਣ ਇਸ ਮਹਾਂਮਾਰੀ ਦੇ ਪ੍ਰਭਾਵ ਤੋਂ ਕਾਫ਼ੀ ਹਦ ਤਕ ਮੁਕਤ ਹੈ ਤੇ ਉੱਥੇ ਕਾਰੋਬਾਰ ਨੂੰ ਖੋਲ੍ਹ ਦਿੱਤਾ ਗਿਆ ਹੈ ਜਦਕਿ ਅਮਰੀਕਾ, ਯੂਰਪ ਦੇ ਕਈ ਦੇਸ਼ਾਂ ਸਮੇਤ ਏਸ਼ੀਆ ਦੇ ਕਈ ਦੇਸ਼ ਇਸ ਵਾਇਰਸ ਦਾ ਸੰਤਾਪ ਹੰਢਾ ਰਹੇ ਹਨ। ਅਮਰੀਕਾ ਇਸ ਵੇਲੇ ਸਭ ਤੋਂ ਉਪਰ ਹੈ ਜਿਥੇ ਦੁਨੀਆ 'ਚ ਹੋਈਆਂ ਕੁਲ ਮੌਤਾਂ ਤੇ ਕੇਸਾਂ ਦਾ ਤੀਜਾ ਹਿੱਸਾ ਹੈ। ਇਟਲੀ, ਫਰਾਂਸ, ਇੰਗਲੈਂਡ, ਸਪੇਨ 'ਚ ਇਸ ਵੇਲੇ ਹਾਲਾਤ ਗੰਭੀਰ ਬਣੇ ਹੋਏ ਹਨ ਜਦਕਿ ਈਰਾਨ, ਜਰਮਨੀ ਤੇ ਕੁਝ ਹੋਰ ਦੇਸ਼ਾਂ ਨੇ ਕੋਵਿਡ-19 ਤੇ ਕਾਫ਼ੀ ਹੱਦ ਤਕ ਨਿਯੰਤ੍ਰਣ ਕੀਤਾ ਹੈ। ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤ ਦੀ ਸਥਿਤੀ ਹਾਲੇ ਨਿਯੰਤ੍ਰਣ 'ਚ ਹੈ ਪਰ ਚੌਥੇ ਲਾਕਡਾਊਨ ਨੂੰ ਸ਼ੁਰੂ ਕਰਨ ਵੇਲੇ ਸਰਕਾਰ ਵੱਲੋਂ ਇਹ ਖਦਸ਼ਾ ਜਤਾਇਆ ਗਿਆ ਕਿ ਇਹ ਮਹਾਂਮਾਰੀ ਜਿਹੜੀ ਹਾਲੇ ਜ਼ਿਆਦਾਤਰ ਸ਼ਹਿਰਾਂ ਤੇ ਉੱਥੇ ਵੀ ਖ਼ਾਸ ਥਾਵਾਂ ਤਕ ਸੀਮਤ ਹੈ, ਪਿੰਡਾਂ ਤਕ ਇਸਦਾ ਪਸਾਰ ਨਹੀਂ ਹੋਣਾ ਚਾਹੀਦਾ, ਨਹੀਂ ਤੇ ਸਥਿਤੀ ਨੂੰ ਸੰਭਾਲਣਾ ਬਹੁਤ ਹੀ ਚਿੰਤਾਜਨਕ ਹੋਵੇਗਾ।

ਭਾਰਤ 'ਚ ਬਿਮਾਰੀ ਨਾਲ ਨਜਿੱਠਣ ਲਈ ਪਹਿਲਾ ਲਾਕਡਾਊਨ 25 ਮਾਰਚ ਤੋਂ ਸ਼ੁਰੂ ਹੋਇਆ ਤੇ 21 ਦਿਨ, 19 ਦਿਨ ਤੇ ਫਿਰ 14 ਦਿਨਾਂ ਦੇ ਪੜਾਅਵਾਰ ਤਿੰਨ ਲਾਕਡਾਊਨ ਤੋਂ ਬਾਅਦ ਹੁਣ ਚੌਥਾ ਲਾਕਡਾਊਨ ਸ਼ੁਰੂ ਹੈ। ਇਸ ਲਾਕਡਾਊਨ 'ਚ ਕਾਰੋਬਾਰ, ਦਫ਼ਤਰੀ ਅਦਾਰਿਆਂ ਤੇ ਬਜ਼ਾਰ ਨੂੰ ਵੀ ਕੁਝ ਹੱਦ ਤਕ ਖੋਲਣ ਦੀ ਗੱਲ ਚਲ ਰਹੀ ਹੈ ਤਾਂ ਜੋ ਤਕਰੀਬਨ ਡੇਢ ਮਹੀਨੇ ਤੋਂ ਘਰਾਂ 'ਚ ਤੜੇ ਲੋਕ ਕੁਝ ਕੰਮਕਾਰ ਸ਼ੁਰੂ ਕਰ ਸਕਣ ਤੇ ਆਰਥਿਕਤਾ ਨੂੰ ਵੀ ਹੁਲਾਰਾ ਮਿਲੇ। ਹੁਣ ਸਰਕਾਰ ਦਾ ਮੰਤਰ ਹੈ— ਕੋਵਿਡ ਨਾਲ ਵੀ ਰਹਿਣਾ ਹੈ ਤੇ ਕਾਰੋਬਾਰ ਵੀ ਕਰਨਾ ਹੈ। ਇਸ ਲਈ ਇਹਤਿਆਤ ਰੱਖਦਿਆਂ (ਮਾਸਕ ਪਹਿਨਣਾ, ਸਮਾਜਿਕ ਦੂਰੀ, ਸੈਨੇਟਾਈਜ਼ਰ ਤੇ ਸਾਬਣ ਦੀ ਵਰਤੋਂ ਆਦਿ) ਕੰਮਕਾਰ ਨੂੰ ਸ਼ੁਰੂ ਕਰਨਾ ਹੈ। ਸਰਕਾਰ ਦਾ ਕਹਿਣਾ ਹੈ ਜੇ ਇਹਤਿਆਤ ਨਹੀਂ ਰੱਖਿਆ ਜਾਏਗਾ ਅਤੇ ਕੇਸ ਵਧਣਗੇ ਤਾਂ ਛੂਟਾਂ ਨੂੰ ਵਾਪਸ ਲੈ ਲਿਆ ਜਾਏਗਾ ਅਤੇ ਉਹ ਖੇਤਰ ਰੈਡ ਜ਼ੋਨ ਜਾਂ ਕਨਟੇਨਮੈਂਟ ਜ਼ੋਨ ਚ ਤਬਦੀਲ ਕਰ ਦਿੱਤਾ ਜਾਏਗਾ। ਹੁਣ ਸਾਰੀ ਗੱਲ ਸਾਡੇ ਤੇ ਮੁਨੱਸਰ ਹੈ ਕਿ ਅਸਾਂ ਅਹਿਤਿਆਤਨ ਆਪਣੀਆਂ ਗਤੀਵਿਧੀਆਂ ਨੂੰ ਅੰਜਾਮ ਦੇਣਾ ਹੈ ਜਿਵੇਂ ਲੋਕ-ਅਖਾਣ ਹੈ— 'ਬਚਾਓ 'ਚ ਹੀ ਬਚਾਓ ਹੈ।'

ਕੋਵਿਡ-19 ਬਾਰੇ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕੋਈ ਬਹੁਤ ਸ਼ਕਤੀਸ਼ਾਲੀ ਵਾਇਰਸ ਨਹੀਂ ਹੈ, ਪਤਾ ਲੱਗਣ ਤੇ ਘਰ 'ਚ ਇਕਾਂਤਵਾਸ ਤੇ ਕੁਝ ਘਰੇਲੂ ਸਾਧਾਰਨ ਉਪਚਾਰਾਂ ਨਾਲ ਵੀ ਇਸ ਨੂੰ ਸਿੱਝਿਆ ਜਾ ਸਕਦਾ ਹੈ ਤੇ ਇਸ ਨਾਲ ਕਈ ਪੀੜਤ ਲੋਕ ਹਸਪਤਾਲ ਜਾ ਕੇ ਜਾਂ ਘਰਾਂ 'ਚ ਏਕਾਂਤਵਾਸ ਰੱਖ ਕੇ ਵੀ ਬਿਮਾਰੀ ਤੋਂ ਉਭਰੇ ਹਨ। ਭਾਰਤ 'ਚ ਭਾਵੇਂ 3-4 ਹਜ਼ਾਰ ਕੇਸ ਰੋਜ਼ ਵੱਧ ਰਹੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਠੀਕ ਹੋਣ ਵਾਲਿਆਂ ਦੀ ਰਫ਼ਤਾਰ ਵੀ ਵਧੀ ਹੈ (ਤਕਰੀਬਨ 37 ਫ਼ੀਸਦੀ)। ਇਸਦੇ ਨਾਲ ਹੀ ਡਾਕਟਰੀ ਸਹੂਲਤਾਂ ਤੇ ਉਪਕਰਨਾਂ 'ਚ ਵਾਧਾ ਕੀਤਾ ਗਿਆ ਹੈ ਤੇ ਟੈਸਟ-ਲੈਬੋਰੇਟਰੀਜ਼ ਦੀ ਗਿਣਤੀ ਵੀ ਵੱਧੀ ਹੈ। ਪਰ ਇਸ ਸਭ ਦੇ ਨਾਲ-ਨਾਲ ਬਹੁਤ ਥਾਵਾਂ ਤੇ ਪ੍ਰਬੰਧਕੀ ਦੁਸ਼ਵਾਰੀਆਂ ਵੀ ਸਾਹਮਣੇ ਆਈਆਂ ਹਨ। ਮਜ਼ਦੂਰਾਂ ਦਾ ਆਪਣੇ ਪਿਤਰੀ ਰਾਜਾਂ ਨੂੰ ਕੂਚ ਕਰਨਾ ਵੀ ਇਸ ਵੇਲੇ ਵੱਡਾ ਮਸਲਾ ਬਣਿਆ ਹੋਇਆ ਹੈ। ਭਾਵੇਂ ਸਰਕਾਰ ਨੇ ਇਸ ਪਾਸੇ ਗੱਡੀਆਂ ਵੀ ਚਲਾਈਆਂ ਹਨ ਪਰ ਤਾਂ ਵੀ ਗਿਣਤੀ ਵਧ ਹੋਣ ਕਾਰਨ ਬਹੁਤ ਸਾਰੇ ਪੈਦਲ ਹੀ ਘਰਾਂ ਨੂੰ ਜਾ ਰਹੇ ਹਨ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਕੇਂਦਰ ਤੇ ਰਾਜ ਸਰਕਾਰਾਂ ਨੂੰ ਨਜਿੱਠਣਾ ਪੈ ਰਿਹਾ ਹੈ। ਕੁਝ ਰਾਜ ਸਰਕਾਰਾਂ ਜਿਵੇਂ ਕੇਰਲ ਤੇ ਉੜੀਸਾ ਦੀ ਸਰਕਾਰ ਨੇ ਕੋਵਿਡ-19 ਨਾਲ ਨਜਿੱਠਣ 'ਚ ਵਧੀਆ ਕੰਮ ਕੀਤਾ ਹੈ ਤੇ ਕੁਝ ਰਾਜ ਮਹਾਂਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ 'ਚ ਕੇਸਾਂ ਤੇ ਮ੍ਰਿਤਕਾਂ ਦੀ ਗਿਣਤੀ ਚਿੰਤਾਜਨਕ ਹੈ। ਸਾਡੇ ਪੰਜਾਬ 'ਚ ਵੀ ਹਾਲੇ ਸਥਿਤੀ ਕਾਬੂ ਹੇਠ ਹੈ। ਵਿਦੇਸ਼ਾਂ 'ਚ ਫਸੇ ਬਹੁਤ ਸਾਰੇ ਭਾਰਤੀ ਵਾਪਸ ਵਤਨ ਪਰਤਨ ਲਈ ਆਤੁਰ ਹਨ। ਉਹਨਾਂ ਲਈ ਸਰਕਾਰ ਵੱਲੋਂ ਪ੍ਰਬੰਧ ਕੀਤੇ ਜਾ ਰਹੇ ਹਨ। ਇਹਨਾਂ ਪ੍ਰਬੰਧਾਂ ਦੀ ਸਫ਼ਲਤਾ ਦਾ ਤਕਾਜ਼ਾ ਤੇ ਸਮਾਂ ਹੀ ਦੱਸੇਗਾ।

ਕੋਵਿਡ ਨੇ ਸਾਰੇ ਸੰਸਾਰ ਨੂੰ ਬੰਨ੍ਹ ਲਾ ਕੇ ਆਪਣੀ ਸ਼ਕਤੀ ਦਾ ਖੁਲਾਸਾ ਕਰ ਦਿੱਤਾ ਹੈ। ਕੋਵਿਡ-19 ਤਾਕਤਵਰ ਨਾ ਵੀ ਹੋਵੇ ਪਰ ਲਾਗ ਦੇ ਰਾਹੀਂ ਫੈਲਣ ਕਾਰਨ ਸਮੁੱਚੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪੱਛਮੀ ਮੁਲਕ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ ਤੇ ਪੂਰਬੀ ਮੁਲਕ ਵੀ ਇਸ ਨਾਲ ਘੁਲ ਰਹੇ ਹਨ। ਹਾਲਾਂ ਭਾਵੇਂ ਇਸ ਬਿਮਾਰੀ ਦਾ ਕੋਈ ਵੈਕਸੀਨ ਫਾਈਨਲ ਨਹੀਂ ਹੋਇਆ, ਭਾਵੇਂ ਵੱਖ-ਵੱਖ ਦੇਸ਼ਾਂ ਵੱਲੋਂ ਕੋਸ਼ਿਸ਼ਾਂ ਜਾਰੀ ਹਨ ਤਾਂ ਇਹ ਸਾਡੇ ਸਭ ਲਈ ਜ਼ਰੂਰੀ ਹੋ ਜਾਂਦਾ ਹੈ ਅਸੀਂ ਇਹਤਿਆਤ ਵਰਤੀਏ ਤੇ ਸਰੀਰ ਦੀ ਪ੍ਰਤੀਰੋਧ-ਸਮਰੱਥਾ ਨੂੰ ਕਾਇਮ ਰੱਖੀਏ। ਸਾਡੀ ਪਰੰਪਰਾ ਨੇ ਕਿਸੇ ਵੀ ਸਮੱਸਿਆ ਨਾਲ ਨਜਿੱਠਣ ਲਈ ਬੇਸ਼ਕੀਮਤੀ ਸੂਤਰ ਸਾਨੂੰ ਦਿੱਤੇ ਹਨ ਜਿਵੇਂ 'ਇਲਾਜ ਤੋਂ ਪਰਹੇਜ਼ ਬਿਹਤਰ', ਧੀਰਜ ਰੱਖਣਾ ਤੇ ਔਖੇ ਵੇਲੇ ਅਰਦਾਸ ਕਰਨਾ ਇਤਿਆਦਿ। ਕਰੋਨਾ ਵਾਇਰਸ ਕੋਵਿਡ-19 ਨੇ ਜੇ ਸੰਸਾਰ ਤੋਂ ਬਹੁਤ ਕੁਝ ਖੋਹ ਲਿਆ ਹੈ ਤਾਂ ਸਾਡੇ ਪਾਣੀ ਤੇ ਸਾਡੀਆਂ ਹਵਾਵਾਂ ਵੀ ਇਸ ਸੰਕਟ ਕਾਲ 'ਚ ਸ਼ੁੱਧ ਹੋਏ ਹਨ। ਕਰੋਨਾ ਨੇ ਲੋਕਾਂ ਨੂੰ ਉਹਨਾਂ ਦੀਆਂ ਮੂਲ ਥਾਵਾਂ ਵਲ ਕੂਚ ਕਰਨ ਲਈ ਮਜਬੂਰ ਕੀਤਾ ਹੈ, ਆਖ਼ਰ ਉਸ ਚੇਤਾਇਆ ਹੈ ਮੂਲ ਤੋਂ ਟੁੱਟ ਕੇ ਜੀਉਣਾ ਸਿਆਣਪ ਨਹੀਂ ਹੈ।

ਕਰੋਨਾ ਇਕ ਦਿਨ ਰੁਖ਼ਸਤ ਹੋ ਜਾਏਗਾ। ਫਿਰ ਤੋਂ ਵਿਸ਼ਵ ਦੌੜ ਪਏਗਾ। ਪਰ ਵੱਡਾ ਸੁਆਲ ਸਾਡੇ ਸਾਹਮਣੇ ਕਰੋਨਾ-ਪੀਰੀਅਡ ਦੌਰਾਨ ਉਠਾਈਆਂ ਮੁਸ਼ਕਲਾਂ 'ਚੋਂ ਸਬਕ ਲੈਣ ਦਾ ਹੋਵੇਗਾ। ਵਿਸ਼ਵ ਦੇ ਸਾਹਮਣੇ ਇਸ ਵੇਲੇ ਬਹੁਤ ਸਾਰੇ ਸੁਆਲ ਹਨ— ਕੀ ਵਿਗਿਆਨ ਦੀ ਤਰੱਕੀ ਦਾ ਲਕਸ਼ ਮਨੁੱਖਤਾ ਦਾ ਖ਼ਾਤਮਾ ਹੈ? ਅਸੀਂ ਕੁਦਰਤ ਨਾਲ ਖਿਲਵਾੜ ਕਰਨ ਤੋਂ ਕਦ ਬਾਜ਼ ਆਵਾਂਗੇ? ਕੀ ਮਨੁੱਖ ਦੀ ਜ਼ਿੰਦਗੀ ਦਾ ਲਕਸ਼ ਸਿਰਫ਼ ਆਰਥਿਕਤਾ ਤਕ ਸੀਮਤ ਹੈ? ਕੀ ਪਰਵਾਸ ਦਾ ਮਤਲਬ ਮੂਲ ਨਾਲੋਂ ਟੁੱਟ ਜਾਣਾ ਹੁੰਦਾ ਹੈ? ਇਹ ਤੇ ਇਸ ਤਰ੍ਹਾਂ ਦੇ ਅਨੇਕਾਂ ਸਵਾਲ ਮਨੁੱਖ ਨੂੰ ਕਰੋਨਾਵਾਇਰਸ ਦੇ ਪ੍ਰਭਾਵ ਤੋਂ ਬਾਅਦ ਸਮੇਂ ਦੇ ਸਨਮੁੱਖ ਕਰਦੇ ਹਨ। ਜੇਕਰ ਆਮ ਮਨੁੱਖ ਅਤੇ ਸਾਡੀਆਂ ਸਿਆਸੀ ਜਮਾਤਾਂ ਨੇ ਇਨ੍ਹਾ ਪ੍ਰਸ਼ਨਾਂ ਤੇ ਗੰਭੀਰਤਾ ਨਾਲ ਵਿਚਾਰ ਨਾ ਕੀਤੀ ਤਾਂ ਇਹ ਗੱਲ ਕਹਿਣ 'ਚ ਹਿਚਕ ਨਹੀਂ ਹੈ, ਆਉਣ ਵਾਲਾ ਸਮਾਂ ਮਨੁੱਖ ਲਈ ਵਧੇਰੇ ਮੁਸ਼ਕਲਾਂ ਭਰਿਆ ਹੋ ਸਕਦਾ ਹੈ। ਅਖੀਰ 'ਚ ਅਸੀਂ ਮਨੁੱਖਤਾ ਨੂੰ ਬਚਾਉਣ ਦੀ ਸੇਵਾ 'ਚ ਲੱਗੇ ਡਾਕਟਰਾਂ, ਨਰਸਾਂ, ਸਿਹਤ ਕਮਿਆਂ, ਪੁਲਿਸਕਰਮੀਆਂ, ਸਫ਼ਾਈਕਰਮੀਆਂ, ਸਮਾਜਸੇਵੀ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਆਦਿ ਨੂੰ ਤਹਿਦਿਲੋਂ ਨਮਨ ਕਰਦੇ ਹਾਂ।

**❖ ਮਨਿੰਦਰ ਸਿੰਘ ਸੋਨੀ, 9891591206**

ਖਾਲਸਾ ਸਮਾਚਾਰ
੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

**15 ਮਈ 1919**

## ਖਾਲਸਾ ਜੀ ਤਿਆਰ ਬਰ ਤਿਆਰ

ਖਾਲਸਾ ਜੀ ਨੂੰ ਪਤਾ ਹੈ ਕਿ ਅਫਗਾਨਸਤਾਨ ਨੇ ਮਲੋ ਮਲੀ ਪਿਛਲੇ ਐਹਦਨਾਮਿਆਂ ਤੇ ਆਪਨੇ ਪਿਉ ਦਾਦੇ ਦੀ ਵਫਾਦਾਰੀ ਦੀ ਚਾਲ ਨੂੰ ਉਲੰਘ ਕੇ ਹਿੰਦ ਸਰਕਾਰ ਨਾਲ ਫਸਾਦ ਅਰੰਭ ਲਿਆ ਹੈ। ਹੇਠਾਂ ਅਸੀਂ ਸ੍ਰੀ ਹਜ਼ੂਰ ਵਾਇਸਰਾਇ ਜੀ ਦੇ ਐਲਾਨ ਦਾ ਪੰਜਾਬੀ ਭਾਵ ਦੇਂਦੇ ਹਾਂ, ਜਿਸ ਤੋਂ ਸਾਰਾ ਹਾਲ ਸਪਸ਼ਟ ਹੋ ਜਾਏਗਾ। ਇਸਦੇ ਨਾਲ ਅਸੀਂ ਅਪਨੇ ਪੰਥ ਪਿਆਰੇ ਖਾਲਸਾ ਜੀ ਦੀ ਸੇਵਾ ਵਿਚ ਏਹ ਬੇਨਤੀਆਂ ਕਰਦੇ ਹਾਂ।

(1) ਇਸ ਮੰਗ ਸੰਬੰਧੀ ਜੋ ਅਫਵਾਹਾਂ ਸੁਣੋਂ ਇਤਬਾਰ ਨਾ ਕਰੋ। ਉਸ ਗਲ ਦਾ ਇਤਬਾਰ ਕਰੋ ਜੋ ਸਰਕਾਰੀ ਕਮਯੂਨੀਕਾਂ ਵਿਚ ਛਪੇ ਯਾ ਜੋ ਆਪ ਪਤਵੰਤ ਅਖਬਾਰਾਂ ਵਿਚ ਪੜ੍ਹੋ।

(2) ਖਾਲਸਾ ਜੀ ਨੇ ਸਦੀਵ ਆਪਨੇ ਦੇਸ ਦੀ ਰਾਖੀ ਕੀਤੀ ਹੈ ਤੇ ਦੇਸ ਦੇ ਹਮਲਆਵਰਾਂ ਨੂੰ ਜੋ ਇਸ ਅਫਗਾਨਸਤਾਨ ਵਿਚੋਂ ਸਨ ਇਸਦੇ ਰਸਤੇ ਆਏ ਮੂੰਹ ਦੀ ਸਟ ਮਾਈ ਹੈ। ਸਤ ਬਰਸ ਤੋਂ ਸਰਕਾਰ ਅੰਗ੍ਰੇਜ਼ੀ ਦੇ ਝੰਡੇ ਹੇਠ ਖਾਲਸੇ ਨੇ ਸਦਾ ਸਰਹਦ ਤੇ ਅਪਨੀ ਬਹਾਦਰੀ ਦਾ ਸਿਕਾ ਬਿਠਾਯਾ ਹੈ। ਇਸ ਸੰਗ ਵਿਚ ਬੀ ਉਸੇ ਤਰਾਂ ਸਗੋਂ ਵਧਦੇ ਜੰਗ ਕਰਨਾ ਹੈ ਤੇ ਵਫਾਦਾਰੀ ਵਿਖਾਣੀ ਹੈ ਸੋ ਫੌਜੀ ਖਾਲਸਾ ਜੀ ਅਪਨੀ ਕੀਰਤੀ ਨੂੰ ਚਾਰ ਚੰਨ ਲਾਣੇ।

(3) ਸ਼ਹਰਾਂ, ਨੱਗਰਾਂ, ਗਿਰਾਵਾਂ ਦੇ ਖਾਲਸਾ ਜੀ ਇਸ ਜੰਗ ਲਈ ਜੋ ਭਰਤੀ ਦੀ ਲੋੜ ਪਵੇ ਸੋ ਪੂਰੀ ਕਰਨੀ ਹੈ।

(4) ਰੁਪੱਯੇ ਸਾਮਾਨ ਜਿਸ ਚੀਜ਼ ਦੀ ਲੋੜ ਪਵੇ ਸਿੱਖ ਮਾਤ੍ਰ ਨੇ ਪੂਰੀ ਤਰਾਂ ਮੱਦਦ ਦੇਣੀ ਹੈ।

(5) ਸਾਡੇ ਮਹਾਰਾਜਿਆਂ ਨੇ ਆਪਨਾ ਸਭ ਕੁਝ ਇਸ ਜੰਗ ਦੀ ਕਾਮਯਾਬੀ ਲਈ ਸਰਕਾਰ ਦੇ ਪੇਸ਼ ਕੀਤਾ ਹੈ, ਇਸੀ ਤਰਾਂ ਹਰ ਸਿੱਖ ਵੱਲੋਂ ਹਰ ਤਰਾਂ ਦੀ ਮੱਦਦ ਸਰਕਾਰ ਦੇ ਪੇਸ਼ ਹੈ।

(6) ਖਾਲਸਾ ਜੀ ਇਸ ਜੰਗ ਵਿਚ ਆਪਾ ਵਾਰਨਾ ਸਰਕਾਰ ਨਾਲ ਵਫਾਦਾਰੀ ਹੈ, ਅਪਨੇ ਘਰ ਬਾਰ ਜਾਨ ਮਾਲ ਦੀ ਰਾਖੀ ਹੈ। ਅਪਨੇ ਧਰਮ ਮੰਦਰਾਂ ਦੀ ਸੱਚੀ ਹਿਫਾਜ਼ਤ ਕਰਨੀ ਹੈ ਤੇ ਆਪਦੀਆਂ ਬਹੂ ਬੇਟੀਆਂ ਦੀ ਪਤ ਆਬਰੂ ਦੀ ਹਿਫਾਜ਼ਤ ਕਰਨੀ ਹੈ। ਪੁਰਾਨੇ ਹਾਲਾਤ ਪੜ੍ਹਕੇ ਦੇਖ ਲਵੋ ਕਿ ਇਸ ਇਲਾਕੇ ਦੇ ਵਹਮੀ ਹਮਲਾਆਵਰ ਕੀ ਕੀ ਅਨਰਥ ਮਚਾਂਦੇ ਰਹੇ ਹਨ, ਸੋ ਨਿੱਤਰੋ ਤੇ ਅਪਨੇ ਦੇਸ ਦੀ ਰੱਖਜਾ ਲਈ ਸ੍ਰਕਾਰ ਦੀ ਹਰ ਤਰਾਂ ਮੱਦਦ ਕਰੋ।

(ਸ੍ਰੀ ਹਜ਼ੂਰ ਵਾਇਸਰਾਇ ਦਾ ਇਹਲਾਨ)

## ਸੁਖੋ

ਸਕੂਲ ਤੇ ਬੋਰਡਿੰਗ ਹਾਊਸ ਦੀ ਇਮਾਰਤ ਤੇ ਅਜੇ ਤਕ ਵਿਦਜਾਰਥੀਆਂ ਦੀ ਗਿਣਤੀ ਦੇ ਮੁਕਾਬਲੇ ਵਿਚ ਹਦੂਰੇ ਹੀ ਹਨ, ਪਰ ਗੁਰਦਵਾਰੇ ਦੀ ਇਮਾਰਤ ਜਿਸਦਾ ਹੋਵਨਾਂ ਅਤੀ ਜ਼ਰੂਰੀ ਹੈ, ਅਜੇ ਤਕ ਸੋਚ ਹੀ ਸੋਚ ਹੈ, ਪਰ ਸਾਲ ਤੋਂ ਕੁਝ ਆਸ਼ਾ ਹੋਈ ਹੈ ਕਿ ਇਕ ਮੁਸਲਮਾਨ ਭਾਈ ਨੇ ਗੁਰਦੁਆਰੇ ਵਾਸਤੇ ਜ਼ਮੀਨ ਮੁਫਤ ਦਿਤੀ ਹੈ। ਸਕੂਲ ਦੇ ਵਿਦਜਾਰਥੀਆਂ ਨੇ ਵਿਤ ਤੋਂ ਵਧਕੇ ਮਾਇਆ ਇਕੱਤ੍ਰ ਕਰਨ ਵਿਚ ਹਿੱਸਾ ਲੀਤਾ ਹੈ, ਪਰ ਮੁਸ਼ਕਲ ਨਾਲ ਜ਼ਮੀਨ ਦਾ ਹਿੱਸਾ ਸਾਰਾ ਨਾ ਹੋਣ ਦੇ ਕਾਰਨ ਬੁਨਿਆਦਾਂ ਭਰਨ ਵਿਚ ਬਹੁਤ ਸਾਰਾ ਰੁਪੱਯਾ ਲਗ ਗਿਆ ਹੈ। ਹੁਣ ਦਾਸ ਦੀ ਅਪੀਲ ਇਸ ਸਕੂਲ ਦੇ ਪੁਰਾਨੇ ਵਿਦਜਾਰਥੀਆਂ ਦੀ ਸੇਵਾ ਵਿਚ ਜੇਹੜੇ ਅੱਜ ਕੱਲ ਬਹੁਤ ਸੀ ਗਿਣਤੀ ਵਿਚ ਦੂਰ ਨੇੜੇ ਬਰਸ੍ਰੋਜਗਾਰ ਹਨ ਤੇ ਹੋਰ ਸੱਜਣਾਂ ਦੀ ਸੇਵਾ ਵਿਚ ਪ੍ਰਾਰਥਨਾ ਹੈ ਕਿ ਤਰੋ ਤਰ ਗਫੇ ਅਪਨੇ ਪਾਸੋਂ ਦੇਣ ਤੇ ਅਪਣੇ ਮਿੱਤ੍ਰਾਂ ਸੱਜਣਾਂ ਪਾਸੋਂ ਝੋਲੀਆਂ ਅੱਡਕੇ ਮੰਗਨ, ਰਸੀਦ ਬੁਕਾਂ ਉਹਨਾਂ ਦੀਆਂ ਅੱਡ ਭੇਜ ਦਿਤੀਆਂ ਜਾਣਗੀਆਂ ਤੇ ਜੇਹੜੇ ਸੱਜਣ ਹੋਰਨਾਂ ਪਾਸੋਂ ਨਹੀਂ ਮੰਗ ਸਕਦੇ ਤੇ ਅਪਨੇ ਪਾਸੋਂ ਹੀ ਭੇਜਕੇ ਕ੍ਰਿਤਾਰਥ ਕਰਨ ਉਹਨਾਂ ਦਾ ਵੀ ਧੰਨਜਵਾਦੀ ਹੋਵਾਂਗਾ।

ਦਾਸ— ਮਾਂਹ ਸਿੰਘ ਮੈਨੇਜਰ, ਖਾਲਸਾ ਹਾਈ ਸਕੂਲ ਸੁਖੋ

## ਸੀਸਤਾਨ (ਈਰਾਨ)

ਇਥੇ ਅੱਜ ਵਿਸਾਖੀ ਵਾਲੇ ਦਿਨ ਗੁਰੂ ਖਾਲਸੇ ਜੀ ਪ੍ਰਗਟ ਹੋਣ ਦਾ ਪਵਿੱਤ੍ਰ ਗੁਰਪੁਰਬ ਬੜੀ ਧੂਮ ਧਾਮ ਨਾਲ ਮਨਾਯਾ ਗਿਆ। ਵਧੀਕ ਖੁਸ਼ੀ ਭਰੀ ਸੋ ਇਹ ਹੈ ਕਿ ਗੁਰੂ ਕਲਗੀਧਾਰ ਜੀ ਦੀ ਕ੍ਰਿਪਾ ਨਾਲ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪੂਰਨ ਗੁਰ-ਰੀਤੀ ਨਾਲ ਅੰਮ੍ਰਤ ਦਾ ਜਹਾਜ਼ ਤਿਆਰ ਕੀਤਾ ਗਿਆ, ਤੇ ਬਹੁਤ ਵੱਡੀ ਗਿਣਤੀ 'ਚ ਅਭਿਲਾਖੀ ਸੱਜਣਾਂ ਨੇ ਅੰਮ੍ਰਤ ਛਕ ਕਰਕੇ ਗੁਰੂ ਕਲਗੀਧਰ ਜੀ ਦੀ ਸ਼ਰਨ ਲੀਤੀ। ਗੁਰੂ ਖਾਲਸੇ ਜੀ ਨੂੰ ਵਧਾਈ ਹੋਵੇ। ਇਹ ਪਹਿਲਾ ਸਮਾ ਹੈ ਕਿ ਜਿਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਚੇ ਪਾਤਸ਼ਾਹ ਨੇ ਚਰਨ ਪਾਕੇ ਇਸ ਧਰਤੀ ਨੂੰ ਪਵਿੱਤ੍ਰ ਕੀਤਾ ਸੀ ਉਸੇ ਧਰਤੀ ਵਿਚ ਗੁਰੂ ਗੋਬਿੰਦ ਸਿੰਘ ਜੀ ਸਚੇ ਪਾਤਸ਼ਾਹ ਨੇ ਅੰਮ੍ਰਤ ਦੀ ਵਰਖਾ ਕਰਕੇ ਧਰਤੀ ਨੂੰ ਫਲੀ ਭੂਤ ਕਰ ਦਿਤਾ ਹੈ ਤੇ ਆਕਾਸੀ ਝੰਡੇ ਥਾਂ ਥਾਂ ਤੇ ਝੁਲ ਰਹੇ ਹਨ।

ਦਾਸ — ਅਤਰ ਸਿੰਘ ਗਿਆਨੀ, ਸੀਸਤਾਨ (ਈਰਾਨ)

## ਸੈਂਟ੍ਰਲ ਖਾਲਸਾ ਹਸਤਪਤਾਲ ਸ੍ਰੀ ਤਰਨ ਤਾਰਨ ਜੀ

(1) ਲੈਫਟੀਨੈਂਟ ਸ੍ਰਾਂ ਰਘਬੀਰ ਸਿੰਘ ਜੀ ਰਈਸ ਰਾਜਾਸਾਂਸੀ ਜੀ ਨੇ 800) ਅਗੇ ਅਤੇ 1000) ਹੁਣ ਰੁਪੈ ਇਮਾਰਤ ਲਈ ਬਖਸ਼ਿਆ ਹੈ, ਅਤੇ ਅਗੋਂ ਹੋਰ ਖੁਲੇ ਗਫੇ ਦੇਣ ਦਾ ਭਰੋਸਾ ਬਖਸ਼ਿਆ ਹੈ। ਜਿਸ ਲਈ ਹਸਤਪਤਾਲ ਵਲੋਂ ਸਰਦਾਰ ਸਾਹਿਬ ਜੀ ਦਾ ਬਹੁਤ ਧੰਨਵਾਦ ਹੈ।

(2) ਰਸਾਲਾ ਨੰਬਰ 17 ਮੈਸੋਪੁਟੇਮੀਆ ਜੀ ਦੇ ਖਾਲਸਾ ਜੀ ਨੇ 200) ਦੋ ਸੌ ਰੁਪਏ ਚੀਫ ਖਾਲਸਾ ਦੀਵਾਨ ਦੀ ਰਾਂਹੀ ਭੇਜੇ ਹਨ ਇਸ ਸਹੈਤਾ ਲਈ ਹਸਤਪਤਾਲ ਬਹੁਤ ਧੰਨਵਾਦੀ ਹੈ।

(3) ਖਾਲਸਾ ਜੀ। ਇਹ ਆਪਦਾ ਇਕੋ ਹੀ ਹਸਤਪਤਾਲ ਹੈ ਆਪ ਹਰ ਪ੍ਰਕਾਰ ਦੀ ਸਹੈਤਾ ਭੇਜਕੇ ਗਰੀਬ ਦੁਖੀ ਬੀਮਾਰਾਂ ਦੀਆਂ ਅਸੀਸਾਂ ਲਵੋ ਤੇ ਕਰਤਾਰ ਦੇ ਬਖਸ਼ੇ ਹੋਏ ਪਦਾਰਥ ਨੂੰ ਸਫਲਾ ਕਰੋ।

**ਦਾਸ—** ਹਰਨਾਮ ਸਿੰਘ ਡਾਕਟ੍ਰ ਇਨਚਾਰਜ, ਸੈਂ. ਖਾਲਸਾ ਹਸਤਪਤਾਲ

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੫੮, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੫੯}

ਮੂਲ — ਵਡਹੰਸੁ ਮਹਲਾ ੩, ਚਉਪਦਾ ੨-੫ — ਅਰਥ

| ਮੂਲ | ਅਰਥ |
|---|---|
| ਵਡਹੰਸੁ ਮਹਲਾ ੩॥ ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ॥ ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ॥੧॥ | (ਵਾਹਿਗੁਰੂ ਦੀ) ਮਿਹਰ ਦੀ ਨਜ਼ਰ (ਕ੍ਰਿਪਾ ਦ੍ਰਿਸ਼ਟੀ) ਦੁਆਰਾ ਸਤਿਗੁਰੂ ਦੀ ਸੇਵਾ ਹੋ ਆਉਂਦੀ ਹੈ, (ਹਾਂ, ਉਸ ਦੀ) ਨਦਰ ਨਾਲ ਹੀ (ਵਾਹਿਗੁਰੂ ਦੀ) ਸੇਵਾ ਹੋ ਆਉਂਦੀ ਹੈ। ਮਿਹਰ ਨਜ਼ਰ ਨਾਲ ਹੀ ਇਹ ਮਨ ਵਸ ਵਿਚ ਆਉਂਦਾ ਹੈ, ਮਿਹਰ ਨਜ਼ਰ ਨਾਲ ਹੀ ਮਨ ਨਿਰਮਲ ਹੁੰਦਾ ਹੈ॥੧॥ |
| ਮੇਰੇ ਮਨ ਚੇਤਿ ਸਚਾ ਸੋਇ॥ ਏਕੋ ਚੇਤਹਿ ਤਾ ਸੁਖੁ ਪਾਵਹਿ ਫਿਰਿ ਦੂਖੁ ਨ ਮੂਲੇ ਹੋਇ॥੧॥ਰਹਾਉ॥ ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ॥ ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ॥੨॥ | ਹੇ ਮੇਰੇ ਮਨ! ਉਸ ਸੱਚੇ (ਵਾਹਿਗੁਰੂ ਨੂੰ) ਯਾਦ ਰਖ, (ਜੇ ਤੂੰ ਉਸ) ਇਕੋ ਨੂੰ ਚੇਤਦਾ ਰਹੇਂ ਤਾਂ (ਤੈਨੂੰ) ਸੁੱਖ ਹੋ ਜਾਏਗਾ ਤੇ ਫੇਰ ਕੋਈ ਦੁੱਖ ਆਕੇ ਮੂਲੋਂ ਹੀ ਨਾ ਲੱਗੇਗਾ॥੧॥ਰਹਾਉ॥ ਮਿਹਰ ਨਜ਼ਰ ਨਾਲ ਹੀ (ਅਨਾਤਮ ਜੀਵਨ ਤੋਂ) ਮਰਕੇ (ਆਤਮ ਜੀਵਨ ਵਿਚ) ਜੀਉਂ ਪਈਦਾ ਹੈ, ਮਿਹਰ ਨਜ਼ਰ ਨਾਲ ਹੀ (ਗੁਰੂ ਕਾ) ਸ਼ਬਦ ਮਨ ਵਿਚ ਆ ਵਸਦਾ ਹੈ। ਮਿਹਰ ਦੀ ਨਜ਼ਰ ਨਾਲ ਹੀ ਹੁਕਮ ਬੁੱਝੀਦਾ ਹੈ (ਤੇ ਫੇਰ) ਹੁਕਮ ਵਿਚ ਸਮਾਏ ਰਹੀਦਾ ਹੈ॥੨॥ |
| ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ॥ ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ॥੩॥ | ਜਿਸ ਜੀਭ ਨੇ ਹਰੀ ਦਾ ਰਸ ਨਹੀਂ ਚਖਿਆ ਉਹ ਜੀਭ ਸੜ ਜਾਏ (ਹੀ ਤਾਂ ਚੰਗੀ ਹੈ, ਕਿਉਂਕਿ ਉਹੋ ਜੀਭ) ਹੋਰ ਰਸਾਂ ਦੇ ਸੁਆਦ ਵਿਚ ਲਗ ਰਹੀ ਹੈ, (ਇਸ ਕਰਕੇ ਉਹ ਦ੍ਵੈਤ ਭਾਵਨਾ ਵਿਚ ਹੈ) ਦ੍ਵੈਤ ਭਾਵਨਾ ਕਰ ਕਰਕੇ (ਸਭ ਕਿਸੇ ਨੇ) ਦੁੱਖ ਹੀ ਪਾਇਆ ਹੈ॥੩॥ |
| ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ॥ ਨਾਨਕ ਸਤਗੁਰਿ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ॥੪॥੨॥ | ਨਦਰ ਤਾਂ ਸਭਨਾਂ ਉਤੇ ਇਕੋ ਹੀ ਹੈ, ਫ਼ਰਕ (ਜੋ ਦੀਹਦੇ ਹਨ ਉਹ) ਆਪੇ ਹੀ ਕਰਦਾ ਹੈ। ਹੇ ਨਾਨਕ! (ਇਕੋ ਹੋ ਰਹੀ ਨਦਰ ਦਾ ਸਭ) ਫਲ ਸਤਿਗੁਰੂ ਨੂੰ (ਮਿਲਣ ਵਾਲਿਆਂ ਨੇ ਉਸ ਨੂੰ) ਮਿਲਕੇ ਪਾਇਆ ਹੈ, (ਸਤਿਗੁਰੂ ਦਾ ਦਿੱਤਾ) ਨਾਮ (ਸਿਮਰਨ ਇਹ ਸਭ) ਵਡਿਆਈ ਦੇਂਦਾ ਹੈ॥੪॥੨॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਇਹਤਿਆਤੀ ਨਿਯਮਾਂ ਦਾ ਪਾਲਨ ਕਰਦਿਆਂ ਮਨਾਇਆ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾ-ਗੱਦੀ ਦਿਵਸ

ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਤਾ-ਗੱਦੀ ਦਿਵਸ ਸ੍ਰੀ ਹਰਿਮੰਦਰ ਸਾਹਿਬ ਸਮੂਹ 'ਚ ਕਰੋਨਾ ਸੰਕਟ ਦੇ ਚਲਦਿਆਂ ਇਹਤਿਆਤ ਰੱਖਦਿਆਂ ਸ਼ਰਧਾ ਪੂਰਬਕ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦਾ ਕੀਰਤਨ ਹੋਇਆ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟਲ ਰਾਏ ਵਿਖੇ ਜਲੌਅ ਸਜਾਏ ਗਏ ਅਤੇ ਰਾਤ ਨੂੰ ਦੀਪਮਾਲਾ ਕੀਤੀ ਗਈ। ਇਸ ਮੌਕੇ ਸਕੱਤਰ ਡਾ. ਰੂਪ ਸਿੰਘ ਨੇ ਗੁਰਤਾ-ਗੱਦੀ ਦੇ ਇਤਿਹਾਸ ਤੇ ਰੌਸ਼ਨੀ ਪਾਈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਸੰਗਤਾਂ ਦੀ ਆਮਦ ਘੱਟ ਰਹੀ।

## ਕੈਲੀਫੋਰਨੀਆ 'ਚ ਸਿੱਖ ਭਾਈਚਾਰੇ ਵੱਲੋਂ ਹੰਭਲਾ

ਦੱਖਣੀ ਕੈਲੀਫੋਰਨੀਆ ਦਾ ਯੂਨਾਈਟਿਡ ਸਿੱਖ ਮਿਸ਼ਨ ਸਥਾਨਕ ਭਾਈਚਾਰੇ ਦੀ ਮਦਦ ਨਾਲ ਰੋਜ਼ਾਨਾ 1400 ਲੋਕਾਂ ਨੂੰ ਪਿਛਲੇ ਇਕ ਮਹੀਨੇ ਤੋਂ ਭੋਜਨ ਉਪਲਬਧ ਕਰਵਾ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਇਹ ਇਸ ਇਲਾਕੇ ਵਿਚ ਚਲਾਇਆ ਜਾ ਰਿਹਾ ਮਦਦ ਦਾ ਸਭ ਤੋਂ ਵੱਡਾ ਹੰਭਲਾ ਹੈ। ਇਸ ਵਿਚ ਬਜ਼ੁਰਗਾਂ ਤੇ ਸਿਹਤ ਕਾਮਿਆਂ ਨੂੰ ਵੀ ਸਥਾਨਕ ਹਸਪਤਾਲਾਂ ਵਿਚ ਖਾਣਾ ਪੁਚਾਇਆ ਜਾ ਰਿਹਾ ਹੈ। ਇਸ ਦੇ ਨਾਲ ਘਰੇਲੂ ਲੋੜ ਦਾ ਸਾਮਾਨ ਤੇ ਮਾਸਕ ਵੀ ਹਫਤੇ ਦੇ ਅੰਤ ਵਿਚ ਵੰਡੇ ਜਾਂਦੇ ਹਨ। ਇਸ ਸੰਬੰਧੀ ਭਾਰਤੀ ਮਸਾਲਿਆਂ ਦੀ ਮਦਦ ਨਾਲ ਰੋਜ਼ਾਨਾ ਪੌਸ਼ਟਿਕ ਖਾਣਾ ਫੈਂਟੋਨਾ ਤੇ ਅਪਲੈਂਡ ਦੇ ਰੇਸਤਰਾਂ ਵਿਚ ਤਾਜ਼ਾ ਤਿਆਰ ਕੀਤਾ ਜਾਂਦਾ ਹੈ ਤੇ ਉਸਨੂੰ ਪੈਕ ਕਰਕੇ ਲੋੜਵੰਦਾਂ ਤਕ ਪੁਚਾਇਆ ਜਾਂਦਾ ਹੈ। ਇਸ ਤਰ੍ਹਾਂ ਦਾ ਉਦਮ ਖਾਲਸਾ ਕੇਅਰ ਫਾਊਂਡੇਸ਼ਨ ਦੀ ਖਾਲਸਾ ਫੂਡ ਪੈਂਟਰੀ ਵੱਲੋਂ ਵੀ ਕੀਤਾ ਜਾ ਰਿਹਾ ਹੈ ਤੇ ਇਲਾਕੇ 'ਚ ਦੂਰ ਦੂਰ ਤਕ ਪੁਚਾਇਆ ਜਾ ਰਿਹਾ ਹੈ।

## ਪਾਕਿਸਤਾਨ ਦੀ ਪਹਿਲੀ ਸਿੱਖ ਪੱਤਰਕਾਰ ਨੂੰ ਯੂਕੇ'ਚ ਐਵਾਰਡ

ਪਾਕਿਸਤਾਨ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਮਨਮੀਤ ਕੌਰ ਨੂੰ ਯੂਕੇ ਦੀ ਇਕ ਸਿੱਖ ਸੰਸਥਾ ਵੱਲੋਂ ਸਨਮਾਨ ਲਈ ਨਾਮਜ਼ਦ ਕੀਤਾ ਗਿਆ ਹੈ। ਯੂਕੇ ਦੀ ਇਹ ਸੰਸਥਾ 'ਚ ਸਿੱਖ ਗਰੁੱਪ ਨੇ ਮਨਮੀਤ ਕੌਰ (25) ਨੂੰ ਤੀਹ ਸਾਲ ਤੋਂ ਹੇਠਾਂ ਦੀਆਂ 100 ਸਭ ਤੋਂ ਵਧ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿਚ ਥਾਂ ਦਿੱਤੀ ਹੈ। ਯੂਕੇ ਦਾ ਇਹ ਗਰੁੱਪ ਆਲਮੀ ਪੱਧਰ ਦਾ ਸਿੱਖ ਸੰਗਠਨ ਹੈ ਜੋ ਦੁਨੀਆ ਭਰ 'ਚ ਫੈਲੇ ਵੱਖ-ਵੱਖ ਖੇਤਰਾਂ 'ਚ ਉਪਲਬਧੀਆਂ ਕਰਨ ਵਾਲੇ ਸਿੱਖਾਂ ਦਾ ਸਨਮਾਨ ਕਰਦਾ ਹੈ। ਪਿਸ਼ਾਵਰ ਵਾਸੀ ਮਨਮੀਤ ਪੱਤਰਕਾਰ ਹੋਣ ਦੇ ਨਾਲ ਨਾਲ ਸਮਾਜਕ ਕਾਰਕੁਨ ਵੀ ਹੈ। ਔਰਤਾਂ ਅਤੇ ਘਟਗਿਣਤੀਆਂ ਨਾਲ ਸੰਬੰਧਤ ਮੁੱਦੇ ਚੁੱਕਣ ਕਾਰਨ ਉਸ ਦਾ ਸਥਾਨਕ ਪੱਧਰ ਤੇ ਕਈ ਵਾਰ ਸਨਮਾਨ ਹੋ ਚੁੱਕਾ ਹੈ ਤੇ ਇਹ ਸਨਮਾਨ ਉਸ ਨੂੰ ਅਗਲੇ ਵਰ੍ਹੇ ਸੰਸਥਾ ਵੱਲੋਂ ਹੋਣ ਵਾਲੇ ਸਨਮਾਨ ਸਮਾਰੋਹ 'ਚ ਦਿੱਤਾ ਜਾਇੇਗਾ।

## ਪੰਜਾਬ ਸਰਕਾਰ ਨੇ ਮਜ਼ਦੂਰਾਂ ਨੂੰ ਭੇਜਨ ਦਾ ਖ਼ਰਚਾ ਚੁੱਕਿਆ

ਅੱਜ ਜਦਕਿ ਕਰੋਨਾ ਸੰਕਟ 'ਚ ਹਜ਼ਾਰਾਂ-ਲੱਖਾਂ ਮਜ਼ਦੂਰ ਆਪਣੇ ਰਾਜਾਂ ਨੂੰ ਪੈਦਲ ਹੀ ਜਾ ਰਹੇ ਹਨ ਤਾਂ ਸਰਕਾਰ ਵੱਲੋਂ ਵੱਖੋ-ਵੱਖ ਥਾਵਾਂ ਤੋਂ ਉਹਨਾਂ ਨੂੰ ਲਿਜਾਣ ਵਾਸਤੇ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਕੱਲੇ ਪੰਜਾਬ ਤੋਂ ਦੋ ਲੱਖ ਪਰਵਾਸੀ ਮਜ਼ਦੂਰਾਂ ਦੀ 178 ਸ਼੍ਰਮਿਕ ਗੱਡੀਆਂ ਰਾਹੀਂ ਉਹਨਾਂ ਦੇ ਪਿਤਰੀ ਰਾਜਾਂ ਨੂੰ ਵਾਪਸੀ ਹੋਈ ਹੈ। ਇਸ ਲਈ ਪੰਜਾਬ ਸਰਕਾਰ ਵੱਲੋਂ 3.25 ਕਰੋੜ ਖ਼ਰਚ ਕੀਤੇ ਗਏ ਹਨ ਤੇ ਮਜ਼ਦੂਰਾਂ ਦੀ ਮੁਫਤ ਵਾਪਸੀ ਨੂੰ ਸੰਭਵ ਬਣਾਇਆ ਗਿਆ ਹੈ ਜੋ ਸ਼ਲਾਘਾਯੋਗ ਹੈ। ਇਸ ਦੇ ਨਾਲ ਹੀ ਸੂਬਾ ਸਰਦਾਰ ਵੱਲੋਂ ਮਜ਼ਦੂਰਾਂ ਲਈ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ ਲਈ ਮੁਫਤ ਬੱਸਾਂ ਵੀ ਚਲਾਈਆਂ ਗਈਆਂ ਹਨ।

## ਡਾਕਟਰ ਗੁਰਦੁਆਰਾ ਬੰਗਲਾ ਸਾਹਿਬ ਹੋਏ ਨਤਮਸਤਕ

ਏਮਜ਼, ਸਫਦਰਜੰਗ, ਰਾਮ ਮਨੋਹਰ ਲੋਹੀਆ ਤੇ ਹਾਰਡਿੰਗ ਹਸਪਤਾਲ ਸਮੇਤ ਦਿੱਲੀ ਦੇ ਵੱਖ-ਵੱਖ ਹਸਪਤਾਲਾਂ ਦੇ ਡਾਕਟਰਾਂ, ਨਰਸਾਂ ਤੇ ਹੋਰ ਮੈਡੀਕਲ ਸਟਾਫ਼ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਚੇ ਮੱਥਾ ਟੇਕਿਆ ਅਤੇ ਉਨ੍ਹਾਂ ਨੂੰ ਮੁਫਤ ਸੇਵਾਵਾਂ ਦੇਣ ਲਈ ਸਿੱਖ ਭਾਈਚਾਰੇ ਦੇ ਧੰਨਵਾਦ ਹਿਤ ਅਰਦਾਸ ਕੀਤੀ। ਚਲ ਰਹੇ ਕਰੋਨਾਂ ਸੰਕਟ ਦੌਰਾਨ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ, ਗੁਰਦੁਆਰਾ ਮੋਤੀ ਬਾਗ ਵਿਚ ਖਾਣੇ ਤੇ ਰਿਹਾਇਸ਼ ਦਾ ਪ੍ਰਬੰਧ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ ਹੈ।

✧ ✧ ✧ ✧ ✧